ਵਿਸਮਾਦ ਦਸ਼ਾ



ਪ੍ਰੋਫੈਸਰ ਬਲਵੰਤ ਸਿੰਘ
ਐਮ. ਏ.

39

ਆਤਮ ਸਾਇੰਸ ਟਰੱਸਟ
A-1, ਕਾਲਿੰਦੀ ਕਾਲੋਨੀ, ਨਵੀਂ ਦਿੱਲੀ

ਸਭ ਹੱਕ ਆਤਮ ਸਾਇੰਸ ਟ੍ਰਸਟ ਦੇ ਰਾਖਵੇਂ ਹਨ।

VISMAAD DASHA
By : Prof. Balwant Singh M.A.
Published by :
Atam Science Trust
A/1, Kalindi Colony,
New Delhi-65

ਪਹਿਲੀ ਵਾਰ : 19
ਦੂਜੀ ਵਾਰ : 2002

ਪ੍ਰਕਾਸ਼ਕ :
ਆਤਮ ਸਾਇੰਸ ਟਰਸਟ,
ਕਾਲਿੰਦੀ ਕਾਲੋਨੀ, ਨਵੀਂ ਦਿੱਲੀ-65

ਟਾਈਪ ਸੈਟਿੰਗ ਤੇ ਛਪਾਈ :
ਨੈਸ਼ਨਲ ਬੁਕ ਸ਼ਾਪ
ਚਾਂਦਨੀ ਚੌਂਕ ਦਿੱਲੀ-6

ਮੁੱਲ : 22 ਰੁਪਏ

40/

੧ੴ ਸਤਿਗੁਰ ਪ੍ਰਸਾਦਿ।

ਅਕਾਲ ਪੁਰਖ ਦੀ ਹਜ਼ੂਰੀ

ਅਕਾਲ ਪੁਰਖ ਦੇ ਭਗਤ ਹਰ ਸਮੇਂ ਤੇ ਹਰ ਦੇਸ਼ ਵਿਚ ਹੋਏ ਹਨ। ਭਗਤਾਂ ਦੀ ਚਾਲ ਦੂਜਿਆਂ ਨਾਲੋਂ 'ਨਿਰਾਲੀ' ਤੇ ਓਪਰੀ ਜਿਹੀ ਦਿਸਦੀ ਹੈ। ਜਿਥੇ ਦੂਜੇ ਸੰਸਾਰਕ ਸੁਖਾਂ, ਮਾਲ-ਧਨ, ਸ਼ੋਭਾ-ਵਡਿਆਈ, ਮਹਿਲ-ਮਾੜੀਆਂ, ਉਚੀ ਪਦਵੀਆਂ ਤੇ ਜਗ ਵਿਚ ਚਮਕਣ ਲਈ ਤਰਲੇ ਲੈਂਦੇ, ਉਪਰਾਲੇ ਕਰਦੇ, ਖਹਿ-ਖਹਿ ਮਰਦੇ ਨੇ, ਉਥੇ ਭਗਤ ਇਕ ਪਰਮਾਤਮਾ ਵਿਚ ਲੀਨ ਹੋ ਕੇ ਪਰਮ ਸ਼ਾਂਤੀ ਤੇ ਅਨੰਦ ਮਾਣਦੇ ਹਨ।

ਉਂਜ ਤਾਂ ਚੇਤ-ਅਚੇਤ ਅਸੀਂ ਸਾਰੇ ਸ਼ਾਂਤੀ ਤੇ ਸਦੀਵੀ ਆਨੰਦ ਲਈ ਭਟਕਦੇ ਤੇ ਭੰਬਲਭੂਸੇ ਖਾਂਦੇ ਹਾਂ, ਪਰ ਭਰਮ ਭੁਲੇਖੇ ਵਿਚ ਸੁਖ ਸ਼ਾਂਤੀ, ਆਨੰਦ ਨੂੰ ਉਹਨਾਂ ਚੀਜ਼ਾਂ ਵਿਚ ਭਾਲਦੇ ਹਾਂ, ਜਿਥੋਂ ਸੁਖ, ਅਨੰਦ ਤੇ ਸ਼ਾਂਤੀ ਪਰਾਪਤ ਹੋ ਹੀ ਨਹੀਂ ਸਕਦੀ। ਅਸੀਂ ਬਹੁਤੇ ਮਾਲ-ਧਨ, ਸ਼ੋਭਾ-ਵਡਿਆਈ ਆਦਿ ਵਿਚ ਅਨੰਦ ਸੁਖ ਭਾਲਦੇ ਹਾਂ, ਪਰ ਇਹਨਾਂ ਵਿਚੋਂ ਮਿਲਦਾ ਕੀ ਹੈ ? ਹਉਮੈ 'ਝਖਣ-ਝਾਖ' ਬੇਚੈਨੀ-ਬੇਆਰਾਮੀ, ਚਿੰਤਾ, ਫਿਕਰ, ਅੰਦੇਸ਼ੇ, ਖਹਿ-ਖਹਿ, ਈਰਖਾ, ਦਵੈਸ਼, ਵਾਧੂ ਝਗੜੇ-ਝਮੇਲੇ। ਜਦ ਜੀਵਨ ਮੁਕਣ ਤੇ ਆਉਂਦਾ ਹੈ ਤਾਂ ਅਸੀਂ

ਝੂਰਦੇ ਤੇ ਪਛਤਾਂਦੇ ਹਾਂ ਅਤੇ ਉਸ ਵੇਲੇ ਦਾ ਪਛਤਾਵਾ ਵਿਅਰਥ ਹੁੰਦਾ ਹੈ।

ਭਾਈ ਲਾਰੰਸ (Brother Lawrence) ਫਰਾਂਸ ਦਾ ਇਕ ਹਰੀ ਭਗਤ ਹੋਇਆ ਹੈ। ਉਸ ਦੀ ਇਕ ਨਿੱਕੀ ਜਿਹੀ ਪੁਸਤਕ 'The Practice of the Presence of God' (ਅਕਾਲ ਪੁਰਖ ਦੀ ਹਜ਼ੂਰੀ ਵਿਚ ਰਹਿਣ ਦਾ ਅਭਿਆਸ) ਇਕ ਪ੍ਰਸਿੱਧ ਰਚਨਾ ਮੰਨੀ ਜਾਂਦੀ ਹੈ। ਇਸ ਨਿਕੀ ਜਿਹੀ ਪੁਸਤਕ ਵਿਚ ਭਗਤ ਲਾਰੰਸ ਦੀਆਂ ਕੁਝ ਚਿਠੀਆਂ ਤੇ ਕੁਝ ਗਿਆਨ-ਗੋਸ਼ਟ ਦੀਆਂ ਗੱਲਾਂ ਦਰਜ ਹਨ। ਗੱਲਾਂ ਸਾਦ-ਮੁਰਾਦੀਆਂ, ਭੋਲੀਆਂ-ਭਾਲੀਆਂ ਨੇ, ਪਰ ਉਹਨਾਂ ਵਿਚੋਂ ਅਕਾਲ ਪੁਰਖ ਦਾ ਹੁਕਮ-ਭਾਣਾ ਖਿੜੇ ਮਥੇ ਮੰਨਣ, ਦੁਖ ਸੁਖ ਨੂੰ ਸਮ ਕਰ ਜਾਨਣ ਤੇ ਹਰ ਹਾਲ ਵਿਚ ਅਕਾਲ ਪੁਰਖ ਦੇ ਚਰਨ ਕਮਲਾਂ ਦੀ ਪ੍ਰੀਤ ਵਿਚ ਲਿਵਲੀਨ ਰਹਿਣ ਦੀ ਸਿਖਿਆ ਪਰਤੱਖ ਦਿਸਦੀ ਹੈ ਤੇ ਡੁੱਲ੍ਹ-ਡੁੱਲ੍ਹ ਪੈਂਦੀ ਪ੍ਰਤੀਤ ਹੁੰਦੀ ਹੈ। ਮੈਂ ਭਗਤ ਲਾਰੰਸ ਦੇ ਬਚਨ ਉਸ ਦੀ ਆਪਣੀ ਸਾਦ-ਮੁਰਾਦੀ ਬੋਲੀ ਵਿਚ ਪਰਗਟ ਕਰਨ ਦਾ ਯਤਨ ਕੀਤਾ ਹੈ। ਕਿਥੋਂ ਤਕ ਮੈਂ ਇਸ ਯਤਨ ਵਿਚ ਸਫਲ ਹੋਇਆ ਹਾਂ, ਪਾਠਕ ਆਪ ਹੀ ਅਨੁਮਾਨ ਲਾ ਲੈਣਗੇ। ਭਗਤ ਲਾਰੰਸ ਨੇ ਇਸ ਪਰਕਾਰ ਬਚਨ ਉਚਾਰੇ ਨੇ :-

'ਸਾਨੂੰ ਅਕਾਲ ਪੁਰਖ ਦੀ ਹਜ਼ੂਰੀ ਦਾ ਅਭਿਆਸ ਕਰਨਾ ਚਾਹੀਦਾ ਹੈ ਤੇ ਅਕਾਲ ਪੁਰਖ ਨਾਲ ਬਚਨ-ਬਿਲਾਸ ਕਰਨ ਦੀ ਆਦਤ ਪਾਣੀ ਚਾਹੀਦੀ ਹੈ। ਜਿਉਂ-ਜਿਉਂ ਅਸੀਂ ਇੰਜ

ਕਰਾਂਗੇ, ਅਕਾਲ ਪੁਰਖ ਨੂੰ ਚੇਤੇ ਕਰ-ਕਰ ਉਸ ਦੀ ਹਜ਼ੂਰੀ ਵਿਚ ਰਹਾਂਗੇ, ਉਸ ਦੀਆਂ ਮਿਹਰਾਂ ਦੇ ਧੰਨਵਾਦੀ ਹੋਵਾਂਗੇ, ਤਿਉਂ-ਤਿਉਂ ਅਕਾਲ ਪੁਰਖ ਨਾਲ ਪ੍ਰੇਮ ਵਧੇਗਾ ਤੇ ਡਾਢਾ ਅਕਹਿ ਸੁਆਦ ਆਵੇਗਾ। (ਗੂੰਗੇ ਕੀ ਮਠਿਆਈ) 'ਉਹ ਰਸੁ ਪੀਆ ਇਹ ਰਸੁ ਨਹੀ ਭਾਵਾ'

ਸਾਨੂੰ ਦਿਲੋਂ ਮਨੋਂ ਅਕਾਲ ਪੁਰਖ ਦੀ ਮਿਹਰ ਵਿਚ ਪੂਰਨ ਵਿਸ਼ਵਾਸ, ਪੂਰਨ ਭਰੋਸਾ ਹੋਣਾ ਚਾਹੀਦਾ ਹੈ। ਸਾਨੂੰ ਪੂਰਨ ਨਿਸਚਾ ਹੋਣਾ ਚਾਹੀਦਾ ਹੈ ਕਿ ਉਹ ਸਾਨੂੰ ਮਾਤ-ਪਿਤਾ ਵਾਂਗ ਪਿਆਰਦਾ, ਮਿਹਰਾਂ ਕਰਦਾ, ਸਾਡਾ ਭਲਾ ਸੋਚਦਾ ਹੈ, ਇਸ ਲਈ ਦੁਖ ਵਿਚ ਵੀ ਤੇ ਸੁਖ ਵਿਚ ਵੀ ਉਸ ਦੀ ਰਜ਼ਾ ਤੇ ਸ਼ਾਕਰ ਰਹਿਣਾ ਚਾਹੀਦਾ ਹੈ। ਜਦ ਕਦੀ ਸਾਨੂੰ ਆਪਣੇ ਅੰਦਰ ਸੋਕਾ ਜਿਹਾ ਪਰਤੀਤ ਹੋਵੇ ਤੇ ਇਵੇਂ ਪਰਤੀਤ ਹੋਵੇ, ਜਿਵੇਂ ਪਰਮਾਤਮਾ ਸਾਨੂੰ ਬੇਵਸ ਕਲਮ-ਕੱਲਾ ਛੱਡ ਕੇ ਲੋਪ ਹੋ ਗਿਆ ਹੈ, ਤਾਂ ਵੀ ਸਾਨੂੰ ਅਕਾਲ ਪੁਰਖ ਨੂੰ ਚੇਤੇ ਕਰ ਕਰ ਉਸ ਦੇ ਚਰਨ ਕਮਲਾਂ ਦੀ ਪ੍ਰੀਤ ਵਿਚ ਮਗਨ ਰਹਿਣਾ ਚਾਹੀਦਾ ਹੈ। ਇਸ ਬੇਵਸੀ ਦਾ ਪ੍ਰਯੋਜਨ ਇਹੋ ਹੈ ਕਿ ਅਕਾਲ-ਪੁਰਖ ਵਿਚ ਸਾਡਾ ਨਿਸਚਾ ਪੱਕਾ ਤੇ ਅਡੋਲ ਹੋਵੇ। ਇਹੋ ਪਰਮਾਤਮਾ ਦਾ ਨਿਆਰਾ ਰਾਹ ਹੈ, ਆਤਮਕ ਮਾਰਗ ਦੀ ਪੌੜੀ ਹੈ, ਉਚਾ ਚੜ੍ਹਨ ਦਾ ਦੈਵੀ ਸਾਧਨ ਹੈ।

'ਦੂਜੇ ਮਨੁਖਾਂ ਦੇ ਮੰਦੇ-ਕਰਮਾਂ ਬਾਰੇ ਸਾਨੂੰ ਝੂਰਨ, ਦੁਖੀ ਹੋਣ ਦੀ ਕੋਈ ਲੋੜ ਨਹੀਂ। ਇਹ ਅਕਾਲ ਪੁਰਖ ਦੀ ਆਪਣੀ ਕਾਰ ਹੈ, ਜਿਵੇਂ ਉਸ ਨੂੰ ਭਾਂਵਦਾ ਹੈ, ਕਰਦਾ ਹੈ। ਜੋ ਵੀ

ਕੰਮ ਕਰੋ, ਆਪਣੇ ਸੁਆਰਥ ਦੀ ਗੱਲ ਨਾ ਸੋਚੋ, ਪਰਸੁਆਰਥ, ਪਰਉਪਕਾਰ ਦੇ ਭਾਵ ਨਾਲ ਕਰੋ, ਅਕਾਲ ਪੁਰਖ ਦੇ ਨਮਿਤ ਕਰੋ ਤੇ ਸਭ ਵਿਚ ਅਕਾਲ ਪੁਰਖ ਨੂੰ ਜ਼ਾਹਰ-ਜ਼ਹੂਰ ਦੇਖੋ, ਅਕਾਲ ਪੁਰਖ ਦੇ ਪਰੇਮ ਵਿਚ ਗੜੂੰਦ ਹੋਏ ਹੋਏ ਪਰਉਪਕਾਰ ਦੀ ਕਾਰ ਕਰੀ ਜਾਉ।

'ਕੋਈ ਵੀ ਕੰਮ ਕਾਰ ਅਰੰਭ ਕਰਨ ਵੇਲੇ ਅੰਤਰ-ਆਤਮੇ ਪ੍ਰਮਾਤਮਾ ਨੂੰ ਚਿਤਵੋ, ਉਸ ਨੂੰ ਅੰਤਰ-ਆਤਮੇ ਵੇਖੋ ਤੇ ਅਰਦਾਸ ਕਰੋ ਕਿ ਉਹ ਕੰਮ ਆਪ ਹੀ ਭਲੀ ਪਰਕਾਰ ਸਿਰੇ ਚਾੜ੍ਹਨ ਦੀ ਸ਼ਕਤੀ ਤੇ ਸੋਝੀ ਬਖਸ਼ੇ ਤੇ ਇਹ ਸਮਝੇ ਕਿ ਉਸ ਦੀ ਮਿਹਰ ਬਿਨਾਂ ਅਸੀਂ ਕੋਈ ਕੰਮ ਕਰਨੋਂ ਅਸਮਰਥ ਹਾਂ। ਜੋ ਕੰਮ ਵੀ ਕਰੋ, ਅਕਾਲ ਪੁਰਖ ਦੇ ਪਰੇਮ-ਰੰਗ ਵਿਚ ਕਰੋ ਤੇ ਨਿਕੀ ਤੋਂ ਨਿਕੀ ਸੇਵਾ ਵੀ ਅਕਾਲ ਪੁਰਖ ਨਮਿਤ ਤੇ ਅਕਾਲ ਪੁਰਖ ਦੇ ਪਰੇਮ ਦੇ ਬਧੇ ਹੋਏ ਕਰੋ। ਕਿਸੇ ਕਾਮਨਾ ਤੇ ਲਾਲਸਾ ਨਾਲ ਨਾ ਕਰੋ।'

ਭਗਤ ਲਾਰੰਸ ਕਹਿੰਦਾ ਹੈ—'ਅਕਾਲ ਪੁਰਖ ਨਾਲ ਬਚਨ-ਬਿਲਾਸ ਕਰਨ ਦੀ ਆਦਤ ਪਾਉ। ਜੋ ਕੰਮ ਵੀ ਕਰਨਾ ਹੋਵੇ, ਉਸ ਦੀ ਸ਼ਰਨ ਲੈ ਕੇ ਕਰੋ, ਉਸ ਦੀ ਮਿਹਰ ਲਈ ਅਰਦਾਸ ਕਰੋ। ਬਿਪਤਾ, ਦੁਖ, ਦਰਦ ਤੋਂ ਘਾਬਰੋ ਨਾ, ਦੁਖ ਨੂੰ ਪਰਮਾਤਮਾ ਦੀ ਦਾਤ ਮੰਨੋ, ਪਰਮਾਤਮਾ ਦੁਖ ਸਾਡੀ ਆਤਮਕ ਉਨਤੀ ਲਈ ਘਲਦਾ ਹੈ, ਆਪਣੇ ਵਲ ਖਿੱਚਣ ਲਈ ਘਲਦਾ ਹੈ।

ਇਹੋ ਕਹੋ 'ਦਾਤਾ' ਮੈਂ ਤਾਂ ਭੁਲਣਹਾਰ ਹਾਂ, ਤੁਸੀਂ ਆਪ

ਹੀ ਮੈਥੋਂ ਕੰਮ ਕਰਾਓ, ਮੈਨੂੰ ਸੋਝੀ ਬਖ਼ਸ਼ੋ। ਸੁਮੱਤ ਬਖ਼ਸ਼ੋ ਤੇ
ਮੈਥੋਂ ਕੰਮ ਕਾਰ ਕਰਾਓ। ਕਿਸੇ ਗੱਲ ਬਾਰੇ ਚਿੰਤਾ ਵਿਚ ਨਾ
ਪਵੋ, ਫਿਕਰ ਨਾ ਕਰੋ ਤੇ ਜਦ ਕੋਈ ਕਾਰਜ, ਕੋਈ ਕਾਰ-
ਵਿਹਾਰ ਕਰਨ ਦਾ ਵੇਲਾ ਆਵੇ, ਅਕਾਲ ਪੁਰਖ ਦੀ ਸਹਾਇਤਾ
ਲਈ ਅਰਜ਼ ਕਰੋ, ਅਕਾਲ ਪੁਰਖ ਆਪ ਸਹਾਈ ਹੋਵੇਗਾ।
ਜਿਸ ਦਾ ਕਾਰਜ ਹੈ, ਉਹ ਆਪ ਹੀ ਨਿਭਾਏਗਾ, ਸਾਨੂੰ ਚਿੰਤਾ
ਕਰਨ ਦੀ ਕੀ ਲੋੜ ਹੈ ਤੇ ਚਿੰਤਾ ਕਰਨ ਦਾ ਕੀ
ਲਾਭ ? ਕਾਰ-ਵਿਹਾਰ ਕਰਦਿਆਂ ਅਕਾਲ ਪੁਰਖ ਨੂੰ ਹਾਜ਼ਰਾ-
ਹਜ਼ੂਰ ਜਾਣੋ ਤੇ ਕੋਈ ਵੇਲਾ ਅਜਿਹਾ ਨਾ ਹੋਵੇ ਕਿ ਤੁਸੀਂ
ਅਕਾਲ ਪੁਰਖ ਨੂੰ ਵਿਸਰ ਜਾਓ, ਤੁਸੀਂ ਉਸ ਨੂੰ ਆਪਣੇ
ਅੰਦਰ ਬਾਹਰ ਹਰ ਥਾਂ, ਹਰ ਪਾਸੇ ਸਦਾ ਹਾਜ਼ਰਾ-ਹਜ਼ੂਰ
ਸਮਝੋ। ਕੋਈ ਔਕੜ ਆ ਬਣੇ ਤਾਂ ਅਕਾਲ ਪੁਰਖ ਨੂੰ ਦਸੋ
ਤੇ ਅਰਜ਼ ਕਰੋ ਕਿ ਦੁਖ ਦਰਦ ਝਲਣ ਦੀ ਸ਼ਕਤੀ ਤੇ
ਧੀਰਜ ਬਖ਼ਸ਼ੋ, ਭਾਣਾ ਮੰਨਣ ਦਾ ਬਲ ਬਖ਼ਸ਼ੋ।

ਆਪਣੀਆਂ ਭੁਲਾਂ ਅਕਾਲ ਪੁਰਖ ਨੂੰ ਦਸੋ ਤੇ ਸੁਮੱਤ
ਲਈ ਅਰਜ਼ ਕਰੋ। ਕਿਸੇ ਹੋਰ ਨੂੰ ਪੁਛਣ ਦੀ ਥਾਂ ਤੁਸੀਂ
ਅਕਾਲ ਪੁਰਖ ਦੇ ਹਜ਼ੂਰ ਹਾਜ਼ਰ ਹੋਵੋ ਤੇ ਆਪਣੀ ਔਕੜ
ਦਸੋ ਤੇ ਅਰਦਾਸ ਕਰੋ ਕਿ ਉਸ ਦੇ ਭਾਣੇ ਅੰਦਰ ਚਲ
ਕੇ ਕਾਰ ਕਰੀਏ ਤੇ ਜਿਵੇਂ ਰਖੇ, ਤਿਵੇਂ ਰਹੀਏ। ਦੇਹੀ ਨੂੰ
ਦੁਖ ਦੇਣ ਦੀ, ਸਰੀਰ ਦਾ ਤਪ-ਕਸ਼ਟ ਸਾਧਨ ਦੀ ਲੋੜ
ਨਹੀਂ, ਕੇਵਲ ਅਕਾਲ ਪੁਰਖ ਨਾਲ ਜੁੜੇ ਰਹਿਣ ਦੀ, ਉਸ
ਦੇ ਭਾਣੇ ਅੰਦਰ ਚਲਣ ਦੀ ਤੇ ਸਭ ਕੰਮ ਉਸ ਦੇ ਨਮਿਤ

ਕਰਨ ਦੀ ਲੋੜ ਹੈ। ਕਰਤਾ-ਕਰਣਹਾਰ ਉਹ ਆਪ ਹੈ, ਤੁਸੀਂ ਕਰਤਾ ਨਹੀਂ, ਆਪਣੇ ਆਪ ਨੂੰ ਕਰਤਾ ਮੰਨ ਕੇ ਵਾਧੂ ਵਿਅਰਥ ਦੁਖ ਨਾ ਪਾਉ। ਤੁਹਾਡਾ ਕੰਮ ਅਕਾਲ ਪੁਰਖ ਨਾਲ ਪਰੇਮ ਕਰਨਾ, ਅਕਾਲ ਪੁਰਖ ਨੂੰ ਅੰਗ-ਸੰਗ ਜਾਨਣਾ ਤੇ ਸਭ ਕੰਮ ਅਕਾਲ ਪੁਰਖ ਦੇ ਅਰਪਨ ਕਰਨਾ ਹੈ। ਜਿਸ ਦਾ ਕਾਜ ਹੈ, ਉਹ ਆਪ ਕਰਦਾ ਕਰਾਂਦਾ ਹੈ।

ਫੇਰ ਭਗਤ ਲਾਰੰਸ ਕਹਿੰਦਾ ਹੈ—'ਮੈਨੂੰ ਕਦੀ ਕੋਈ ਚਿੰਤਾ ਨਹੀਂ, ਮੈਨੂੰ ਤਾਂ ਕੇਵਲ ਇਹ ਖ਼ਿਆਲ ਹੈ ਕਿ ਮਤਾਂ ਕੋਈ ਗੱਲ, ਕੋਈ ਕੰਮ ਅਜਿਹਾ ਨਾ ਕਰ ਬੈਠਾਂ, ਜੋ ਅਕਾਲ ਪੁਰਖ ਨੂੰ ਨਾ ਭਾਵੇ। ਬਸ ਮੈਨੂੰ ਹੋਰ ਕੋਈ ਚਿੰਤਾ ਉਕੀ ਨਹੀਂ। ਮੈਂ ਕਿਸੇ ਕੰਮ ਬਾਰੇ ਅਗੇ ਹੀ ਚਿੰਤਾ-ਕਾੜ੍ਹਾ ਨਹੀਂ ਕਰਦਾ, ਜਦ ਕੰਮ ਦਾ ਵੇਲਾ ਆਉਂਦਾ ਹੈ ਤਾਂ ਮੈਨੂੰ ਪਰਮਾਤਮਾ ਦੀ ਹਜ਼ੂਰੀ ਵਿਚ ਉਸੇ ਕੰਮ ਬਾਰੇ ਸਭ ਸੂਝ-ਬੂਝ ਇਵੇਂ ਪਰਾਪਤ ਹੁੰਦੀ ਹੈ ਜਿਵੇਂ ਸ਼ੀਸ਼ੇ ਵਿਚ ਸਭ ਕੁਝ ਦਿਸ ਰਿਹਾ ਹੈ। ਮੈਨੂੰ ਮਰਨ ਦੀ ਚਿੰਤਾ ਨਹੀਂ, ਜੀਣ ਦੀ ਲਾਲਸਾ ਨਹੀਂ, ਇਸ ਲਈ ਮੈਨੂੰ ਕੋਈ ਭੈ ਨਹੀਂ ਤੇ ਅਕਾਲ ਪੁਰਖ ਦਾ ਭਾਣਾ ਮੰਨਣ ਲਈ ਮੈਂ ਸਦਾ ਤਿਆਰ ਹਾਂ। ਮੈਂ ਆਪਣੇ ਆਪ ਨੂੰ ਅਕਾਲ ਪੁਰਖ ਦੇ ਅਰਪਨ ਕਰ ਦਿਤਾ ਹੈ, ਇਸ ਲਈ ਮੇਰੇ ਫਿਕਰ-ਅੰਦੇਸ਼ੇ ਮੁਕ ਗਏ ਨੇ ਤੇ ਕਾਰ-ਵਿਹਾਰ ਕਰਨ ਲਈ ਪਰਮਾਤਮਾ ਆਪ ਹੀ ਸੋਝੀ ਬਖ਼ਸ਼ਦਾ ਤੇ ਕਾਰੇ ਲਾਉਂਦਾ ਹੈ। ਪਰਮਾਤਮਾ ਦੇ ਪਾਣ ਲਈ, ਸਹੀ-ਸਾਖਿਆਤ ਦਰਸ਼ਨ ਕਰਨ ਲਈ ਕਿਸੇ ਪੰਡਤਾਈ, ਵਿਗਿਆਨ ਦੀ ਲੋੜ ਨਹੀਂ, ਕੇਵਲ ਸ਼ੁਧ ਹਿਰਦੇ

ਤੇ ਪਰਮਾਤਮਾ ਨਾਲ ਅਤੁਟ ਲਿਵ ਲਾਣ ਦੀ ਲੋੜ ਹੈ। ਅਕਾਲ ਪੁਰਖ ਨੂੰ ਸਦਾ ਅੰਗ ਸੰਗ, ਅੰਦਰ ਬਾਹਰ ਵੇਖਣਾ ਚਾਹੀਦਾ ਹੈ, ਉਸੇ ਦੀ ਸਦਾ ਸ਼ਰਨ ਲੈਣੀ ਚਾਹੀਦੀ ਹੈ, ਉਸ ਤੋਂ ਕਾਰਜ ਸਰਅੰਜਾਮ ਦੇਣ ਦੀ ਜੁਗਤੀ ਪੁਛਣੀ ਚਾਹੀਦੀ ਹੈ, ਫੇਰ ਸਭ ਕੰਮ ਰਾਸ ਹੁੰਦੇ ਨੇ। ਜੋ ਭੀ ਪੁਛਣਾ ਹੋਵੇ, ਆਪਣੇ ਅੰਦਰੋਂ ਪੁਛੋ, ਜਵਾਬ ਜ਼ਰੂਰ ਮਿਲੇਗਾ ਤੇ ਜੋ ਉਤਰ ਮਿਲੇਗਾ, ਠੀਕ ਹੋਵੇਗਾ।

ਲੋਕਾਂ ਦੀ ਮਾਣ-ਵਡਿਆਈ ਪਰਾਪਤ ਕਰਨ ਲਈ ਕੰਮ ਨਾ ਕਰੋ, ਕੇਵਲ ਪਰਮਾਤਮਾ ਦੀ ਪ੍ਰਸੰਨਤਾ ਲਈ ਕਰੋ। ਦੂਜਿਆਂ ਦੇ ਸੁਖ ਲਾਭ ਲਈ ਕਰੋ। ਨਿੱਕੀ ਤੋਂ ਨਿੱਕੀ ਸੇਵਾ ਵੀ ਕਰਨੋਂ ਨਾ ਝਿਜਕੋ, ਅਕਾਲ ਪੁਰਖ ਨੂੰ ਦਮ-ਬਦਮ ਸਵਾਸ-ਸਵਾਸ ਚੇਤੇ ਰਖੋ ਤੇ ਵੇਖੋਗੇ ਕਿ ਅਕਹਿ ਵਿਸਮਾਦੀ ਅਨੰਦ ਆਵੇਗਾ ਤੇ ਅੰਤਰ-ਆਤਮੇ ਲੀਨ ਹੋਵੋਗੇ ਤੇ ਅਕਾਲ ਪੁਰਖ ਨਾਲ ਇਕ-ਮਿਕ ਹੋਏ ਜੁੜੇ ਹੋਵੋਗੇ। ਜੋ ਵੀ ਤੁਹਾਨੂੰ ਵੇਖੇਗਾ, ਸ਼ਾਂਤ ਤੇ ਅਨੰਦ ਹੋਵੇਗਾ। ਤੁਸੀਂ ਅਕਾਲ ਪੁਰਖ ਨੂੰ ਤਨ, ਮਨ ਸਭ ਕੁਝ ਅਰਪਨ ਕਰਨਾ ਹੈ, ਤਾਂ ਤੁਸੀਂ ਦੈਵੀ ਸੁਭਾ ਵਾਲੇ ਹੋਵੋਗੇ।'

ਭਗਤ ਲਾਰੰਸ ਕਹਿੰਦਾ ਹੈ ਕਿ ਮੈਂ ਇਵੇਂ ਪ੍ਰਤੀਤ ਕਰਦਾ ਹਾਂ, ਜਿਵੇਂ ਮੇਰੇ ਤੇ ਰੱਬ ਤੋਂ ਛੁਟ ਹੋਰ ਕੋਈ ਹੈ ਹੀ ਨਹੀਂ। ਇਕ ਹੋਰ ਭਗਤ ਨੇ ਕਿਹਾ ਹੈ ਕਿ ਮੈਨੂੰ ਇਵੇਂ ਪ੍ਰਤੀਤ ਹੁੰਦਾ ਹੈ, ਜਿਵੇਂ ਰੱਬ ਨੂੰ ਮੇਰਾ ਖ਼ਿਆਲ ਰਖਣ ਤੋਂ ਛੁਟ ਹੋਰ ਕੋਈ ਕੰਮ ਹੀ ਨਹੀਂ। ਸਦਾ ਅਕਾਲ ਪੁਰਖ ਦੀ ਹਜ਼ੂਰੀ ਵਿਚ ਰਹਿਣ

ਨਾਲ ਪ੍ਰਮਾਤਮਾ ਡਾਢਾ ਪਿਆਰਾ ਲੱਗਦਾ ਹੈ ਤੇ ਅਸੀਂ ਨਿਕਟਵਰਤੀ ਪ੍ਰਤੀਤ ਕਰਦੇ ਹਾਂ, ਅਕਾਲ ਪੁਰਖ ਨਾਲ ਬਚਨ ਬਿਲਾਸ ਕਰਦੇ ਤੇ ਉਸਦੇ ਨਾਲ ਵਸਦੇ, ਰਸਦੇ ਅਨੰਦ ਮਾਣਦੇ ਹਾਂ ਤੇ ਉਹ ਦਸ਼ਾ ਭੀ ਵਾਪਰਦੀ ਹੈ, ਜਦ ਅਸੀਂ ਸਦਾ-ਸਦਾ, ਸਹਿਜੇ ਹੀ 'ਅਕਾਲ' ਪੁਰਖ ਨਾਲ ਜੁੜੇ ਰਹਿੰਦੇ ਹਾਂ। ਉਹ ਅਨੰਦ ਕੌਣ ਦੱਸੇ ? ਉਸ ਦਸ਼ਾ ਵਾਲੇ ਨੂੰ ਕੋਈ ਇੱਛਾ, ਕੋਈ ਕਾਮਨਾ ਨਹੀਂ ਰਹਿੰਦੀ, ਕੇਵਲ ਪਰਮਾਤਮਾ ਦੇ ਚਰਨ ਕੰਵਲਾਂ ਦੀ ਪਰੀਤ ਵਿਚ ਲਿਵਲੀਨ ਰਹਿਣ ਦੀ ਇੱਛਾ ਹੁੰਦੀ ਹੈ। ਅਕਾਲ ਪੁਰਖ ਸਦਾ ਅੰਗ-ਸੰਗ, ਅੰਦਰ-ਬਾਹਰ ਦਿਸਦਾ ਤੇ ਪਰਤੀਤ ਹੁੰਦਾ ਹੈ।

ਭਗਤ ਲਾਰੰਸ ਨੇ ਇਸ ਤਰ੍ਹਾਂ ਤੀਹ ਸਾਲ ਬਤੀਤ ਕੀਤੇ। ਉਸ ਦਾ ਅੰਤਰੀਵ ਅਨੰਦ ਅਥਾਹ ਡੁਲ੍ਹ-ਡੁਲ੍ਹ ਪੈਂਦਾ ਸੀ ਤੇ ਇਸ ਅਨੰਦ ਦਾ ਓੜਕ ਬੰਨਾ ਨਹੀਂ ਸੀ। ਕਦੀ-ਕਦੀ ਜਦ ਮੈਂ ਛਿਨ-ਪਲ ਲਈ ਰੱਬ ਨੂੰ ਭੁਲਦਾ ਸਾਂ ਤਾਂ ਅੰਦਰੋਂ ਹੀ ਅਕਾਲ ਪੁਰਖ ਮੈਨੂੰ ਅਨੰਦਮਈ ਇਸ਼ਾਰੇ ਨਾਲ ਆਪਣੀ ਪ੍ਰੀਤ ਵਿਚ ਲਿਵਲੀਨ ਕਰਦਾ ਸੀ ਤੇ ਮੈਂ ਸ਼ਰਮਿੰਦਾ ਹੁੰਦਾ ਸਾਂ ਤੇ ਨਾਲ ਹੀ ਅਨੰਦ ਸਾਗਰ ਵਿਚ ਚੁਭੀਆਂ ਲਾਂਦਾ ਸਾਂ। ਕਦੀ ਮੈਂ ਅਕਾਲ ਪੁਰਖ ਦੇ ਹਜ਼ੂਰ ਘੁਮਿਆਰ ਦੀ ਮਿੱਟੀ ਤੇ ਘਾੜੇ ਦੇ ਹੱਥਾਂ ਵਿਚ ਪੱਥਰ ਵਾਂਗ ਹੁੰਦਾ ਸਾਂ, ਜਿਵੇਂ ਚਾਹੇ ਮੈਨੂੰ ਢਾਲੇ, ਜੋ ਚਾਹੇ ਮੈਨੂੰ ਬਣਾਵੇ, ਮੈਂ ਉਸ ਦੇ ਹੱਥਾਂ ਵਿਚ ਪੋਲੀ ਮਿੱਟੀ ਸਮਾਨ ਸਾਂ। ਘੁਮਿਆਰ ਜਿਵੇਂ ਚਾਹੇ, ਭਾਂਡਾ ਸਾਜਦਾ, ਘੜਦਾ ਹੈ। ਕਦੀ ਇਹ ਹੁੰਦਾ ਸੀ ਕਿ ਮੈਂ ਸਹਿਜ ਸੁਭਾ ਹੀ

ਅਕਾਲ ਪੁਰਖ ਵਿਚ ਸਮਾਇਆ ਅਨੰਦ ਮਾਣਦਾ ਸੀ।

ਭਾਈ ਲਾਰੰਸ ਦਾ ਕਥਨ ਹੈ—'ਮੈਨੂੰ ਅਕਾਲ ਪੁਰਖ ਤੁਲ ਕੁਝ ਚੰਗਾ ਨਹੀਂ ਲਗਦਾ ਤੇ ਮੈਨੂੰ ਕੇਵਲ ਹਰਿ ਜੀ ਨਾਲ ਇਕ-ਮਿਕ ਹੋਏ ਰਹਿਣ ਦੀ ਪ੍ਰਬਲ ਰੀਝ ਹੈ—ਲਾਲਸਾ ਹੈ।' ਹੋਰ ਮੈਨੂੰ ਕਾਈ ਇੱਛਾ ਨਹੀਂ, ਜੋ ਅਨੰਦ ਮੈਨੂੰ ਪਰਮਾਤਮਾ ਦੀ ਹਜ਼ੂਰੀ ਵਿਚ, ਪਰਮਾਤਮਾ ਨਾਲ ਜੁੜੇ ਰਹਿਣ ਵਿਚ ਮਿਲਦਾ ਹੈ, ਉਹ ਅਨੰਦ ਹੋਰ ਕਿਤੇ ਨਹੀਂ। ਪ੍ਰਭੂ ਸਦਾ ਮਿਹਰਬਾਨ ਹੈ, ਸਾਡੀਆਂ ਲੋੜਾਂ ਭਲੀ ਪਰਕਾਰ ਜਾਣਦਾ ਹੈ ਤੇ ਅਣ-ਮੰਗਿਆਂ ਦਿੰਦਾ ਹੈ, ਸਦਾ ਸਦਾ ਦੇਂਦਾ ਹੈ ਅਤੇ ਦੇ ਦੇ ਕੇ ਥਕਦਾ ਅਕਦਾ ਨਹੀਂ (ਭਾਵੇਂ ਲੈਂਦੇ ਥਕ ਜਾਣ—'ਲੈਂਦੇ ਥਕ ਪਾਹਿ' ਜਿਵੇਂ ਅਸੀਂ ਰੋਟੀ ਦੀ ਬਸ ਕਰ ਦਿੰਦੇ ਹਾਂ ਤੇ ਜਿਵੇਂ ਰਾਕਫੈਲਰ ਤੇ ਕਾਰਨੀਗੀ ਧਨ ਦੇ ਢੇਰਾਂ ਦੇ ਢੇਰ ਪਰਾਪਤ ਕਰਕੇ ਇਹ ਨਹੀਂ ਜਾਣਦੇ ਸਨ ਕਿ ਏਨੇ ਧਨ ਨੂੰ ਕੀ ਕਰੀਏ ?) ਪਰਮਾਤਮਾ ਜਗਿਆਸੂ ਦਾ ਨਿਸਚਾ ਡਾਢਾ ਪਰਖਦਾ ਹੈ, ਦ੍ਰਿੜ ਕਰਨ ਲਈ ਦੁਖ, ਕਲੇਸ਼ ਦਾ ਦਾਰੂ ਘਲਦਾ ਹੈ, (ਮਾਇਆ ਮੋਹ ਤੋਂ ਛੁਡਾਣ ਲਈ ਤੇ ਆਪਣੇ ਨਾਲ ਜੋੜਨ ਲਈ ਹੋਰ ਦਵਾ-ਦਾਰੂ ਹੈ ਭੀ ਕਿਹੜਾ ?)

ਦੁਖ ਵਿਚ ਮਲ੍ਹਮ-ਪੱਟੀ ਵਜੋਂ ਸ਼ਾਂਤੀ ਤੇ ਧੀਰਜ ਸਾਡੇ ਹਿਰਦੇ ਵਿਚ ਲਿਆਂਵਦਾ ਤੇ ਇਸ ਪਰਕਾਰ ਸਾਨੂੰ ਆਪਣੇ ਵਲ ਖਿਚਦਾ ਹੈ। ਇਹ ਉਸ ਦੇ ਨਿਆਰੇ ਰਾਹ ਨੇ, ਉਸ ਦੀਆਂ ਮਿਹਰਾਂ ਨੇ। ਮਿਹਰਾਂ ਦਾ ਸਾਈਂ ਮਾਂ ਵਾਂਗ ਹੈ। ਜਦ ਨਿੱਕਾ ਬਾਲ ਪਿਆਰ ਨਾਲ ਮਾਂ ਵਲ ਬਾਂਹ ਉਲਾਰਦਾ ਹੈ ਤਾਂ ਮਾਂ ਫੜ ਕੇ

ਹਿੱਕ ਨਾਲ, ਛਾਤੀ ਨਾਲ ਘੁਟ ਕੇ ਲਾਂਦੀ ਤੇ ਗਦ-ਗਦ ਹੁੰਦੀ ਹੈ। ਇਵੇਂ ਹੀ ਜਦੋਂ ਮਨੁੱਖ

'ਦਾਤਿ ਪਿਆਰੀ ਵਿਸਿਰਿਆ ਦਾਤਾਰਾ'

ਮਾਇਆ ਮੋਹ ਨੂੰ ਛਡ ਕੇ ਅਕਾਲ ਪੁਰਖ ਦਾਤਾਰ ਦੀ ਸਚੇ ਦਿਲੋਂ (ਦਰੋਪਦੀ ਵਾਂਗ) ਸ਼ਰਨ ਲੈਂਦਾ ਹੈ, ਤਾਂ ਹਰਿ ਜੀ ਹਿਕ ਨਾਲ ਲਾਂਦੇ, ਪਿਆਰਦੇ ਨੇ। ਅਕਾਲ ਪੁਰਖ ਨੂੰ ਕੇਵਲ ਸਚੇ ਪਰੇਮ ਦੀ ਲੋੜ ਹੈ। ਉਸ ਨੂੰ ਹੋਰ ਕਿਸੇ ਪਰਕਾਰ ਦੀ ਰਸਮੀ ਪੂਜਾ ਦੀ, (ਜਗ੍ਹਾ ਦੀ, ਤੀਰਥਾਂ ਇਸ਼ਨਾਨਾਂ ਦੀ, ਤਪਸਿਆ ਤੇ ਸਰੀਰਕ ਕਸ਼ਟ ਝਾਗਣ ਦੀ) ਕੋਈ ਲੋੜ ਨਹੀਂ। ਮਨੁਖ ਨੂੰ ਚਾਹੀਦੈ ਕਿ ਸਦਾ, ਸਦਾ ਅਕਾਲ ਪੁਰਖ ਨਾਲ ਜੁੜਿਆ ਰਹੇ, ਜਗ ਦੀ ਕਾਰ ਕਰਦੇ ਹੋਏ ਵੀ ਅੰਦਰੋਂ ਹਰ ਜੀ ਨਾਲ ਜੁੜਿਆ ਰਹੇ। ਇਸ ਤੁਲ ਹੋਰ ਕੋਈ ਅਨੰਦ ਨਹੀਂ। ਜਿਸ ਦਾ ਜੀਅ ਕਰੇ ਅਜ਼ਮਾ ਕੇ ਵੇਖ ਲਏ।

ਹਰਿ ਜੀ ਦਾ ਭਗਤ ਜਾਣ ਬੁਝ ਕੇ ਕੋਈ ਗੱਲ ਅਜਿਹੀ ਮੂੰਹੋਂ ਕਢਦਾ ਨਹੀਂ, ਕਰਦਾ ਨਹੀਂ, ਚਿਤਵਦਾ ਨਹੀਂ ਜੋ ਅਕਾਲ ਪੁਰਖ ਨੂੰ ਭਾਂਵਦੀ ਨਹੀਂ। (ਜਿਸ ਨਾਲ ਪਿਆਰ ਹੋਵੇ, ਉਸ ਦੀ ਭਾਵਨੀ ਅਨੁਸਾਰ ਹੀ ਚਲੀਦਾ ਹੈ, ਉਸ ਦੀ ਭਾਵਨੀ ਹੀ ਲੋਚੀਦੀ ਹੈ, ਉਸ ਨੂੰ ਦਿਲੋਂ-ਮਨੋ ਖੁਸ਼-ਪ੍ਰਸੰਨ ਰਖਣ ਦਾਂ ਯਤਨ ਕਰੀਦਾ ਹੈ) ਜੋ ਸਦਾ ਹਰਿ ਜੀ ਨਾਲ ਜੁੜਿਆ ਰਹਿੰਦਾ ਹੈ, ਉਸ ਦੇ ਹਾਰਦਿਕ ਅਨੰਦ ਤੇ ਸ਼ਾਂਤੀ ਦੀ ਮਿਣਤੀ ਕੌਣ ਕਰੇ? ਕੌਣ ਮਾਪੇ-ਤੋਲੇ ? ਉਸ ਅਥਾਹ ਅਨੰਦ ਦੀ ਡੂੰਘਾਣ ਤੀਕ ਉਹੋ ਪੁਜੇ ਤੇ ਸਮਝੇ ਜੋ

ਆਪ ਪਰਮਾਤਮਾ ਨਾਲ ਇਕ-ਮਿਕ ਹੋਇਆ ਹੈ।

ਜੇ ਹਰੀ ਦਾ ਭਗਤ ਕਿਸੇ ਵੇਲੇ ਅਵੇਸਲਾ ਹੋ ਜਾਏ ਤੇ ਅਕਾਲ ਪੁਰਖ ਨੂੰ ਵਿਸਰ ਜਾਏ ਤਾਂ ਅੰਦਰੋਂ ਹੀ ਪ੍ਰੇਰਨਾ ਹੁੰਦੀ ਹੈ, ਧ੍ਰੂਹ ਪੈਂਦੀ ਹੈ, ਤੇ ਭਗਤ ਨਿਜ-ਘਰ, ਅੰਤਰ-ਆਤਮੇ ਮੁੜ ਲੀਨ ਹੁੰਦਾ ਹੈ, ਜਿਵੇਂ ਨਿੱਕਾ ਬਾਲ ਵਿਛੜਿਆ ਹੋਇਆ ਮਾਂ ਨਾਲ ਜਫੀ ਪਾ ਕੇ ਨਿਹਾਲ-ਨਿਹਾਲ ਹੁੰਦਾ ਹੈ ਤੇ ਇਕ ਘੜੀ ਦਾ ਵਿਛੋੜਾ 'ਬਰਸ ਪਚਾਸਾ' ਤੁਲ ਪ੍ਰਤੀਤ ਕਰਦਾ ਹੈ। ਫੇਰ ਭਗਤ ਅਨੰਦ ਵਿਚ ਗੜੂੰਦ ਹੋਇਆ ਹੋਇਆ ਧੰਨ-ਧੰਨ, ਸ਼ੁਕਰ-ਸ਼ੁਕਰ ਕਰਦਾ—ਅਕਾਲ ਪੁਰਖ ਪਿਤਾ ਦੇ ਚਰਨ-ਕੰਵਲਾਂ ਵਿਚ ਡਿਗ ਕੇ ਹੰਝੂ ਕੇਰਦਾ, ਬਲ-ਬਲ ਜਾਂਦਾ, ਆਪਣਾ ਆਪਾ, ਆਪਣੀ ਸਰੀਰਕ-ਮਾਨਸਕ ਸੁਧ-ਬੁਧ ਭੁਲ ਕੇ ਪਰਮਾਤਮਾ ਦੇ ਸਾਗਰ ਵਿਚ ਚੁੱਭੀ ਲਾਂਦਾ ਹੈ, ਜਿਸਦਾ ਪਾਰਾਵਾਰ ਹੈ ਨਹੀਂ। (ਜਿਵੇਂ ਸੰਤ ਫਰੈਨਸਸ ਅਸੀਸੀ ਦਾ ਵਸਨੀਕ ਸਾਰੀ-ਸਾਰੀ ਰਾਤ **'My God, My God'** ਉਚਾਰਦਾ ਸਿਮਰਨ-ਅਭਿਆਸ ਕਰਦਾ ਸੀ) ਤੇ ਇਸ ਪਰੇਮ ਤੋਂ ਪ੍ਰਸੰਨ ਹੋ ਕੇ ਅਕਾਲ ਪੁਰਖ ਭਗਤ ਦੇ ਹਿਰਦੇ, ਭਗਤ ਦੇ ਅੰਤਰ ਆਤਮੇ ਆ ਨਿਵਾਸ ਕਰਦਾ, ਛਹਿਬਰ ਲਾਂਦਾ ਤੇ ਛਮਾ-ਛਮ ਅੰਮ੍ਰਿਤ ਬਰਖਾ ਕਰਦਾ, ਭਗਤ ਨੂੰ ਆਪਣੇ ਨਾਲ ਮੇਲ ਲੈਂਦਾ ਹੈ। ਫੇਰ ਭਗਤ ਦਾ ਨਿਸਚਾ ਅਡੋਲ ਹੋ ਜਾਂਦਾ ਹੈ, ਅਕਾਲ ਪੁਰਖ ਨਾਲ ਪਿਆਰ ਪੈਂਦਾ ਹੈ, ਅਕਾਲ ਪੁਰਖ ਅੰਦਰ-ਬਾਹਰ ਜ਼ਾਹਰਾ ਜ਼ਹੂਰ ਦਿਸਦਾ ਹੈ, ਫਿਰ ਕਿਸੇ ਸ਼ੰਕੇ ਦੀ ਥਾਂ ਨਹੀਂ ਰਹਿੰਦੀ। ਭਗਤ ਦੀ ਤ੍ਰਿਪਤੀ ਹੋ ਜਾਂਦੀ ਹੈ, ਭਟਕਣਾ ਮੁਕ ਜਾਂਦੀ ਹੈ,

ਨਖੁਟ ਖ਼ਜ਼ਾਨਾ, ਅਮੁਕ ਭੰਡਾਰ ਜੁ ਮਿਲ ਗਿਆ। ਭੁਲਿਆ ਮਨੁਖ ਮਾਨੋ ਪੈਸਿਆਂ, ਦਵਾਨੀਆਂ, ਚਵਾਨੀਆਂ ਦੀ ਗਿਣਤੀ ਵਿਚ ਭਟਕਦਾ ਫਿਰਦਾ ਹੈ ਤੇ ਅਖੁਟ ਖ਼ਜ਼ਾਨਾ ਆਪਣੇ ਅੰਦਰ ਵੇਖਦਾ ਹੀ ਨਹੀਂ। ਅਸੀਂ ਕਿਨੇ ਅਕਲ ਦੇ ਅੰਨ੍ਹੇ ਹਾਂ। ਜੋ ਦੈਵੀ ਖ਼ਜ਼ਾਨਾ ਦਿਲੋਂ-ਮਨੋਂ ਟੋਲਦਾ ਹੈ, ਅਕਾਲ ਪੁਰਖ ਉਸ ਅੰਦਰ ਦੈਵੀ ਭੰਡਾਰਾਂ ਤੇ ਖ਼ਜ਼ਾਨਿਆਂ ਦਾ ਉਹ ਹੜ੍ਹ ਵਗਾਂਦਾ ਹੈ ਜੋ ਠਲ੍ਹਿਆ ਨਾ ਜਾਏ, ਥਮ੍ਹਿਆ ਨਾ ਜਾਏ। ਪਰ ਅਸੀਂ ਇਸ ਖ਼ਜ਼ਾਨੇ ਵਲੋਂ ਮੂੰਹ ਮੋੜਦੇ ਤੇ ਬੇਕਦਰੀ ਕਰਦੇ ਹਾਂ, ਕਿਡੇ ਬੇਅਕਲ ਹਾਂ, ਜੋ ਇਸ ਸਦੀਵੀ ਸੋਮੇ ਨੂੰ, ਸਦੀਵੀ ਉਮਾਹ ਨੂੰ ਸਦੀਵੀ ਪ੍ਰਵਾਹ ਨੂੰ ਆਪਣੇ ਅੰਦਰ ਆਵਣ ਨਹੀਂ ਦਿੰਦੇ।

ਸਾਨੂੰ ਚਾਹੀਦੈ ਕਿ ਆਪਣੇ ਅੰਦਰ ਆਪਣੇ ਨਿਜ-ਘਰ ਵਿਚ ਸਮਾਈਏ, ਅੰਦਰ ਖ਼ਜ਼ਾਨਾ ਹੈ, ਅਨੰਦ ਦਾ ਠਾਠਾਂ ਮਾਰਦਾ ਸਾਗਰ ਹੈ। ਭਾਈ ਲਾਰੰਸ ਅਤਿ ਨਿਰਮਤਾ ਸਹਿਤ ਕਹਿੰਦਾ ਹੈ—'ਮੈਂ ਨਿਮਾਣਾ ਹਾਂ, ਮੇਰਾ ਕੋਈ ਨਾਮ ਨਹੀਂ ਜਾਣਦਾ, ਜਗਤ ਮੈਨੂੰ ਉਕਾ ਨਹੀਂ ਜਾਣਦਾ, ਪਰ ਹਰਿ ਜੀ ਮੈਨੂੰ ਜਾਣਦੇ ਨੇ, ਲਾਡ ਕਰਦੇ ਨੇ, ਪਿਆਰਦੇ ਨੇ, ਪੁਚਕਾਰਦੇ ਨੇ ਤੇ ਮੈਨੂੰ ਆਪਣੇ ਨਾਲ ਮੇਲਦੇ ਨੇ।'

ਜੋ ਸ਼ਰਧਾ ਪਰੇਮ ਵਾਲੇ ਨੇ, ਅਕਾਲ ਪੁਰਖ ਨੂੰ ਚੇਤੇ ਰਖਦੇ ਨੇ, ਨੀਂਦ ਵਿਚ ਵੀ ਹਰੀ-ਪਰੇਮ ਵਿਚ ਰਤੇ ਰਹਿੰਦੇ ਨੇ ਤੇ ਆਤਮਕ ਉਨਤੀ ਹੁੰਦੀ ਰਹਿੰਦੀ ਹੈ। ਜੋ ਕੋਈ ਅਕਾਲ ਪੁਰਖ ਦੀ ਹਜ਼ੂਰੀ ਦਾ ਚਾਹਵਾਨ ਹੈ, ਉਸ ਲਈ ਜ਼ਰੂਰੀ ਹੈ

ਕਿ ਪਹਿਲੇ ਆਪਣੇ ਹਿਰਦੇ ਵਿਚੋਂ, ਆਪਣੇ ਮਨ ਵਿਚੋਂ ਹੋਰ ਸਭ ਖ਼ਿਆਲ-ਵਿਚਾਰ ਕਢ ਦੇਵੇ, ਤਾਂ ਉਸ ਖ਼ਾਲੀ-ਸ਼ੁਧ ਹਿਰਦੇ ਵਿਚ ਪਰਮਾਤਮਾ ਦਾ ਪ੍ਰਗਾਸ ਹੁੰਦਾ ਹੈ, ਜ਼ਦ ਹਿਰਦਾ ਖ਼ਾਲੀ ਹੋਵੇ ਤਾਂ ਹੀ ਹਰਿ ਜੀ ਹਿਰਦੇ ਵਿਚ ਵਸਦੇ, ਰਿਮ-ਝਿਮ ਲਾਂਦੇ ਤੇ ਅੰਮ੍ਰਿਤ ਬਰਖਾ ਕਰਦੇ ਨੇ।

ਜੋ ਅਨੰਦ ਅਕਾਲ ਪੁਰਖ ਨਾਲ ਸਨਮੁਖ ਹੋ ਕੇ ਬਚਨ-ਬਲਾਸ ਕਰਨ ਵਿਚ ਹੈ, ਅਕਾਲ ਪੁਰਖ ਨਾਲ ਗੋਸ਼ਟੀ, ਗੱਲਬਾਤ ਕਰਨ ਵਿਚ ਹੈ, ਹੋਰ ਕਿਸੇ ਗੱਲ ਵਿਚ ਨਹੀਂ। ਇਹ ਗੱਲ ਉਹੋ ਜਾਣਦੇ ਨੇ, ਜਿਨ੍ਹਾਂ ਇਹ ਰਸ ਚਖਿਆ ਹੈ। ਭਾਈ ਲਾਰੰਸ ਕਹਿੰਦਾ ਹੈ—'ਜੇ ਮੈਂ ਪਰਚਾਰਕ ਹੋਵਾਂ ਤਾਂ ਸਭ ਨੂੰ ਸਦਾ ਇਹ ਕਹਾਂ ਕਿ ਅਕਾਲ ਪੁਰਖ ਦੀ ਹਜ਼ੂਰੀ ਦਾ ਅਭਿਆਸ ਕਰੋ। ਇਹ ਮਾਰਗ ਬੜਾ ਸੁਖੈਨ ਤੇ ਬਹੁਤ ਜ਼ਰੂਰੀ ਹੈ। ਜੇ ਸਾਨੂੰ ਇਸ ਅਨੰਦ ਦਾ ਪਤਾ ਹੋਵੇ ਤਾਂ ਅਸੀਂ ਰੱਬ ਜੀ ਨੂੰ ਕਦੇ ਨਾ ਵਿਸਾਰੀਏ, ਹੋਰ ਕਿਸੇ ਚੀਜ਼ ਦੀ, ਕਿਸੇ ਗੱਲ ਦੀ ਕਾਈ ਪ੍ਰਵਾਹ ਨਾ ਕਰੀਏ ਤੇ ਆਪਣਾ ਤਨ, ਮਨ, ਆਪਣਾ ਸਭ ਕੁਝ ਅਕਾਲ ਪੁਰਖ ਦੇ ਅਰਪਨ ਕਰ ਦਈਏ ਤੇ ਸਵਾਸ-ਸਵਾਸ ਉਸ ਨੂੰ ਚੇਤੇ ਰਖੀਏ।'

ਜਗਤ ਦੀ ਕਾਰ ਜੋ ਸਾਡੇ ਜ਼ਿੰਮੇ ਹੈ, ਉਸ ਨੂੰ ਭਲੀ ਪਰਕਾਰ ਸਰਅੰਜਾਮ ਦੇਂਦੇ ਹੋਏ, ਨਾਲੋ ਨਾਲ ਸਾਨੂੰ ਅਕਾਲ ਪੁਰਖ ਨਾਲ ਲਿਵ ਲਾਈ ਰਖਣੀ ਚਾਹੀਦੀ ਹੈ। (ਹੱਥ ਕਾਰ ਵਲ, ਦਿਲ ਯਾਰ ਵਲ) ਸ਼ਾਂਤ-ਚਿਤ ਹੋਏ ਹੋਏ ਅਕਾਲ ਪੁਰਖ ਨਾਲ ਜੁੜੇ ਰਹੋ। ਸਭ ਪਰਕਾਰ ਦੀ ਚਿੰਤਾ ਛਡ ਕੇ ਸਾਨੂੰ

ਪਰਮਾਤਮਾ ਦੇ ਚਰਨਾਂ ਨਾਲ ਲਿਵ ਲਾਣੀ ਚਾਹੀਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਸਦਾ ਅਕਾਲ ਪੁਰਖ ਦੀ ਹਜ਼ੂਰੀ ਵਿਚ ਰਹੀਏ, ਕਦੀ ਸ਼ੁਕਰਾਨਾ, ਕਦੀ ਸਿਫਤ-ਸਲਾਹ, ਕਦੀ ਪਰੇਮ ਦੇ ਗੀਤ। ਪਹਿਲੇ ਤਾਂ 'ਸਿਲ ਅਲੂਣੀ' ਚਟਣ ਵਾਲੀ ਗੱਲ ਹੁੰਦੀ ਹੈ, ਤੇ ਕਹੀਦਾ ਹੈ, ਇਹ ਐਵੇਂ ਹੀ ਹੈ, ਪਰ ਪਰਮਾਤਮਾ ਦੀ ਹਜ਼ੂਰੀ, ਪਰਮਾਤਮਾ ਦੀ ਯਾਦ ਛੱਡੋ ਨਾ, ਭਾਵੇਂ ਕਿੰਨੀਆਂ ਹੀ ਔਕੜਾਂ ਆਵਣ। ਪਰਮਾਤਮਾ ਸਾਥੋਂ ਹੋਰ ਕੁਝ ਨਹੀਂ ਮੰਗਦਾ, ਕੁਝ ਸਿਮਰਨ, ਕੁਝ ਸਿਫਤ-ਸਾਲਾਹ, ਕਦੀ ਅਰਦਾਸ। ਕਦੀ ਆਪਣੇ ਦੁਖ-ਕਲੇਸ਼ ਉਸ ਦੇ ਚਰਨਾਂ ਵਿਚ ਰਖਣੇ, ਕਦੀ ਮਿਹਰਾਂ ਲਈ ਸ਼ੁਕਰਾਨਾ। ਸਾਸ-ਗਿਰਾਸ, ਊਠਤ-ਬੈਠਤ, ਸੋਵਤ ਹਰਿ ਜੀ ਨੂੰ ਚੇਤੇ ਰਖੋ। ਦੂਜਿਆਂ ਨੂੰ ਵਖਾ ਕੇ ਇਹ ਗੱਲਾਂ ਨਾ ਕਰੋ। ਆਪਣੇ ਹਿਰਦੇ ਨੂੰ ਹੀ ਗਿਰਜਾ (ਗੁਰਦੁਆਰਾ) ਬਣਾ ਲਵੋ। ਹਿਰਦੇ ਅੰਦਰ ਸਮਾ ਜਾਉ, ਨਿਮਰਤਾ-ਪਰੇਮ ਸਹਿਤ ਪਰਮਾਤਮਾ ਨਾਲ ਪਰੇਮ-ਗੋਸ਼ਟ ਕਰੋ।

ਅਕਾਲ ਪੁਰਖ ਬਿਨਾਂ ਸਾਡੇ ਸੁਖ ਭੀ ਘੜੇ ਦੁਖ ਹਨ,

(ਰੋਗ ਰਜ਼ਾਈਆਂ ਦਾ ਓਢਣ, ਭਠ ਖੇੜਿਆਂ ਦਾ ਰਹਿਣਾ, ਆਦਿ)

ਅਕਾਲ ਪੁਰਖ ਨੂੰ ਚੇਤੇ ਕਰਨ ਲਈ, ਅਕਾਲ ਪੁਰਖ ਦੀ ਹਜ਼ੂਰੀ ਲਈ ਕਿਸੇ ਖ਼ਾਸ ਪੂਜਾ ਦੀ, ਕਿਸੇ ਮਰਯਾਦਾ ਦੀ, ਕਿਸੇ ਰਹੁ-ਰੀਤ ਦੀ ਲੋੜ ਨਹੀਂ। ਦਿਲੋਂ-ਮਨੋਂ ਪਰੇਮ ਸਹਿਤ ਚੇਤੇ ਕਰਨ ਦੀ ਲੋੜ ਹੈ। ਸਦਾ ਨਿਮਰਤਾ ਸਹਿਤ ਅਕਾਲ ਪੁਰਖ ਨੂੰ ਆਪਣੀਆਂ ਤਰੁਟੀਆਂ, ਆਪਣੀਆਂ

ਭੁਲਾਂ, ਆਪਣੀਆਂ ਕਮਜ਼ੋਰੀਆਂ ਦਸੋ ਤੇ ਅਕਾਲ ਪੁਰਖ ਦੀ ਸਹਾਇਤਾ ਲਈ ਅਰਦਾਸ ਕਰੋ। ਜੇ ਮਨ ਭਟਕਦਾ ਹੈ ਤਾਂ ਵੀ ਘਬਰੋ ਨਾ, ਸ਼ਾਂਤ ਰਹੋ। ਪਰਮਾਤਮਾ ਨੂੰ ਚੇਤੇ ਕਰੀ ਜਾਓ, ਉਸ ਦੀ ਹਜ਼ੂਰੀ ਵਿਚ ਰਹੋ, ਮਨ ਆਪੇ ਟਿਕਦਾ ਟਿਕਦਾ ਟਿਕੇਗਾ। ਜਿਉਂ ਜਿਉਂ ਅਭਿਆਸ ਵਧੇਗਾ, ਮਨ ਟਿਕਾਓ ਵਿਚ ਹੁੰਦਾ ਜਾਏਗਾ ਤੇ ਤੁਹਾਡੀ ਸ਼ਾਂਤੀ ਅਤੇ ਅਨੰਦ ਵਿਚ ਵਾਧਾ ਹੁੰਦਾ ਰਹੇਗਾ।

ਭਾਈ ਲਾਰੰਸ ਕਹਿੰਦਾ ਹੈ ਕਿ ਕਈਆਂ ਜਗਿਆਸੂਆਂ ਨੂੰ ਕਾਹਲ ਹੁੰਦੀ ਹੈ ਕਿ ਅਸੀਂ ਝਟਪਟ ਪਰਮਾਤਮਾ ਦੇ ਮਾਰਗ ਦੀਆਂ ਪੌੜੀਆਂ ਤੇ ਚੜ੍ਹ ਜਾਈਏ। ਅਕਾਲ ਪੁਰਖ ਦੀ ਮਿਹਰ ਬਿਨਾਂ ਇਹ ਕਿਵੇਂ ਹੋ ਸਕਦਾ ਹੈ ? ਜਿਸ ਵੇਲੇ ਉਸ ਦੀ ਮਿਹਰ ਹੋਵੇਗੀ, ਅਸੀਂ ਉਤੇ ਜਾ ਸਕਾਂਗੇ। ਉਤਾਵਲੇ ਹੋਣਾ ਚੰਗਾ ਨਹੀਂ। ਅਸੀਂ ਪਵਿਤਰ ਸੰਗਤ ਤੋਂ ਬਹੁਤ ਕੁਝ ਸਿਖਦੇ ਹਾਂ। (ਇਸੇ ਲਈ ਸਤਿਗੁਰਾਂ ਸਤਿਸੰਗ ਤੇ ਜ਼ੋਰ ਦਿਤਾ ਹੈ) ਮਨੁਖਾ ਜਨਮ ਦਾ ਕੇਵਲ ਇਕੋ ਇਕ ਪ੍ਰਯੋਜਨ ਹੈ ਤੇ ਉਹ ਹੈ ਪਰਮਾਤਮਾ ਵਿਚ ਲਿਵ-ਲੀਨ ਹੋਣਾ। ਅਸੀਂ ਐਵੇਂ ਜਨਮ ਗਵਾ ਦਿੰਦੇ ਹਾਂ ਤੇ ਅਸਲ ਪਰਯੋਜਨ ਦੀ ਪਰਾਪਤੀ ਲਈ ਕੁਝ ਨਹੀਂ ਕਰਦੇ। ਅਕਾਲ ਪੁਰਖ ਸਾਨੂੰ ਗਲ ਲਾਣ ਲਈ ਸਦਾ ਉਡੀਕਦਾ ਹੈ। ਹੋਰ ਸਭ ਜੰਜਾਲ ਛਡ ਕੇ ਸਾਨੂੰ ਇਕ-ਮਨ ਹੋ ਕੇ ਅਕਾਲ ਪੁਰਖ ਦੀ ਹਜ਼ੂਰੀ ਵਿਚ ਰਹਿਣ ਦਾ ਯਤਨ ਕਰਨਾ ਚਾਹੀਦਾ ਹੈ। ਉਸ ਨੂੰ ਸਦਾ ਚੇਤੇ ਰਖਣਾ ਚਾਹੀਦਾ ਹੈ। ਨਾਲ ਹੀ ਨਿਸਚਾ ਅਡੋਲ ਹੋਣਾ ਚਾਹੀਦਾ ਹੈ।

ਇਹ ਵੀ ਚੇਤੇ ਰਖਣ ਦੀ ਲੋੜ ਹੈ ਕਿ ਅਕਾਲ ਪੁਰਖ ਦੀ ਮਿਹਰ ਬਿਨਾ ਅਸੀਂ ਕੁਝ ਕਰਨ ਜੋਗੇ ਨਹੀਂ। ਉਸ ਦੇ ਹਜ਼ੂਰ ਸਾਨੂੰ ਅਰਦਾਸ ਕਰਨੀ ਹੈ ਤੇ ਅਰਦਾਸ ਤਾਂ ਹੀ ਕਰਾਂਗੇ ਜੇ ਅਸੀਂ ਅਕਾਲ ਪੁਰਖ ਨੂੰ ਅੰਗ-ਸੰਗ ਸਮਝਾਂਗੇ ਤੇ ਅੰਗ-ਸੰਗ ਤਾਂ ਹੀ ਸਮਝਾਂਗੇ ਜੇ ਅਸੀਂ ਪਰਮਾਤਮਾ ਨੂੰ ਸਦਾ ਚੇਤੇ ਰਖਾਂਗੇ ਤੇ ਚੇਤੇ ਤਾਂ ਹੀ ਰਖਾਂਗੇ ਜੇ ਸਾਨੂੰ ਚੇਤੇ ਕਰਨ ਦੀ ਆਦਤ ਹੋਵੇਗੀ ਜਾਂ ਚੇਟਕ ਲਗੀ ਹੋਵੇਗੀ। (ਇਹ ਹੈ ਸਿਮਰਨ ਦੀ, ਨਾਮ ਜਪਣ ਦੀ ਮਹਿਮਾ) ਅਕਾਲ ਪੁਰਖ ਦੀ ਹਜ਼ੂਰੀ, ਅਕਾਲ ਪੁਰਖ ਬਾਰੇ ਗਿਆਨ ਦੀ ਪ੍ਰਾਪਤੀ ਤੇ ਅਕਾਲ ਪੁਰਖ ਨਾਲ ਪਿਆਰ ਪਾਣ ਦਾ ਸਭ ਤੋਂ ਸੌਖਾ ਸਾਧਨ ਇਹੋ ਹੈ। ਅਕਾਲ ਪੁਰਖ ਨੂੰ ਜਾਨਣ ਲਈ ਉਸ ਨੂੰ ਚੇਤੇ ਕਰਨਾ, ਉਸ ਦਾ ਧਿਆਨ ਧਰਨਾ ਜ਼ਰੂਰੀ ਹੈ। ਜਦ ਚੇਤੇ ਕਰਾਂਗੇ ਤਾਂ ਉਸ ਨਾਲ ਪਿਆਰ ਪਏਗਾ ਤੇ ਜਦ ਪਿਆਰ ਪਏਗਾ, ਅਸੀਂ ਬਾਰਬਾਰ ਚੇਤੇ ਕਰਾਂਗੇ, ਕਿਉਂਜੋ ਜਿਸ ਨਾਲ ਪਿਆਰ ਹੁੰਦਾ ਹੈ, ਅਸੀਂ ਉਸ ਨੂੰ ਬਾਰਬਾਰ ਯਾਦ ਕਰਦੇ ਹਾਂ (ਨਾਮ ਦੀ ਫਿਲਾਸਫੀ)।

ਸਾਡਾ ਸਭ ਤੋਂ ਵੱਡਾ ਮਿੱਤਰ-ਸਨੇਹੀ ਅਕਾਲ ਪੁਰਖ ਹੈ। ਜਗਤ ਦੇ ਮਿੱਤਰ ਬਿਨਸਨਹਾਰ, ਚਲਣਹਾਰ ਨੇ, ਸਾਡਾ ਸਨੇਹੀ ਅਕਾਲ ਪੁਰਖ ਸਦਾ-ਸਦਾ ਅੰਗ-ਸੰਗ ਹੈ। ਸੰਬੰਧੀਆਂ, ਮਿੱਤਰਾਂ-ਪਿਆਰਿਆਂ ਤੋਂ ਬਾਹਲਾ ਅਕਾਲ ਪੁਰਖ ਸਾਨੂੰ ਪਿਆਰਾ ਹੋਣਾ ਚਾਹੀਦਾ ਹੈ, ਉਸ ਤੋਂ ਹੋਰ ਸਭ ਪਿਛੇ ਨੇ। ਕਾਰ ਕਰਦਿਆਂ, ਉਠਦਿਆਂ, ਬਹਿੰਦਿਆਂ, ਸੁਤਿਆਂ, ਹਸਦਿਆਂ-ਖੇਡਦਿਆਂ

ਦਿਨ-ਰਾਤ ਪ੍ਰਭੂ ਨੂੰ ਚੇਤੇ ਰਖੋ। ਉਹ ਤੁਹਾਡੇ ਨਾਲ ਹੈ, ਤੁਹਾਡੇ ਅੰਗ-ਸੰਗ ਹੈ, ਉਸ ਨੂੰ ਭੁਲਾ ਕੇ, ਉਸ ਨੂੰ ਛੱਡ ਕੇ ਜੇ ਤੁਸੀਂ ਹੋਰ ਕਿਸੇ ਪਾਸੇ ਧਿਆਨ ਕਰਦੇ, ਗਲਤਾਨ ਹੁੰਦੇ ਹੋ ਤਾਂ ਫੇਰ ਤੁਸੀਂ ਸੰਗੀ-ਸਾਥੀ ਪ੍ਰਭੂ ਜੀ ਦੀ ਨਿਰਾਦਰੀ ਕਰਦੇ ਹੋ। ਆਪਣੇ ਪ੍ਰਾਹੁਣੇ ਦਾ ਸਦਾ ਆਦਰ ਕਰੋ, ਫੇਰ ਉਹ ਪ੍ਰਾਹੁਣਾ ਜਿਸ ਦੇ ਤੁਲ ਹੋਰ ਕੋਈ ਨਹੀਂ।

ਇਕ ਚਿੱਠੀ ਵਿਚ ਭਾਈ ਲਾਰੰਸ ਨੇ ਕਿਸੇ ਨੂੰ ਲਿਖਿਆ—'ਮੈਂ ਇਹ ਅਰਦਾਸ ਤਾਂ ਨਹੀਂ ਕਰਦਾ ਕਿ ਤੁਹਾਡੇ ਦੁਖ-ਦਰਦ ਦੀ ਨਵਿਰਤੀ ਹੋਵੇ, ਮੈਂ ਤਾਂ ਸਚੇ ਦਿਲੋਂ ਇਹ ਅਰਦਾਸ ਕਰਦਾ ਹਾਂ ਕਿ ਅਕਾਲ ਪੁਰਖ ਤੁਹਾਨੂੰ ਭਾਣਾ ਮੰਨਣ ਦੀ ਸ਼ਕਤੀ ਬਖ਼ਸ਼ੇ ਤੇ ਤੁਸੀਂ ਆਪਣੇ ਦੁਖ ਦਰਦ ਨੂੰ ਧੀਰਜ ਨਾਲ ਝਲ ਸਕੋ। ਦੁਖ ਤਾਂ ਆਂਵਦੇ ਹੀ ਰਹਿਣੇ ਨੇ ਤੇ ਇਹ ਸਭ ਕੁਝ ਉਸ ਦੇ ਭਾਣੇ ਅੰਦਰ ਹੀ ਹੁੰਦਾ ਹੈ। ਦੁਖ ਤਾਂ ਹੀ ਹਟਦਾ ਹੈ ਜਦੋਂ ਅਕਾਲ ਪੁਰਖ ਨੂੰ ਮੰਨਜ਼ੂਰ ਹੁੰਦਾ ਹੈ। ਉਸ ਦੀ ਰਜ਼ਾ ਖਿੜੇ ਮਥੇ ਕਬੂਲੋ ਤੇ ਅਰਦਾਸ ਇਹੋ ਕਰੋ ਕਿ ਭਾਣਾ ਮੰਨਣ ਦੀ ਸ਼ਕਤੀ ਦੇਵੇ।

ਦੁਖ ਸਾਡੇ ਭਲੇ ਲਈ ਵਾਪਰਦਾ ਹੈ ਤੇ ਜਿਨੀ ਦੇਰ ਲਈ ਅਕਾਲ ਪੁਰਖ ਚੰਗਾ ਜਾਣਦਾ ਹੈ, ਦੁਖ ਰਹਿੰਦਾ ਹੈ। ਅਸੀਂ ਇਹਨਾਂ ਗੱਲਾਂ ਨੂੰ ਨਹੀਂ ਸਮਝਦੇ ਤੇ ਔਖੇ ਹੁੰਦੇ ਹਾਂ। ਅਸੀਂ ਨਹੀਂ ਜਾਣਦੇ ਕਿ ਪਰਮਾਤਮਾ ਵਲੋਂ ਦੁਖ ਦਾਰੂ ਹੈ, ਸਾਡੇ ਭਲੇ ਲਈ ਹੈ। ਪਿਆਰ ਕਰਨ ਵਾਲੀ ਮਾਂ ਜਾਂ ਪਿਉ ਨੂੰ ਸਾਡੇ ਨਾਲ ਵੈਰ ਤਾਂ ਨਹੀਂ। ਇਹ ਸਭ ਉਸ ਦੀ ਮਿਹਰ

ਹੈ ਤੇ ਜੋ ਇਹ ਗੱਲ ਸਮਝਦੇ ਹਨ, ਉਨ੍ਹਾਂ ਨੂੰ ਭਾਣਾ ਮਿਠਾ ਪਿਆਰਾ ਲਗਦਾ ਹੈ। ਦੁਖ-ਦਰਦ ਵਿਚ ਪਰਮਾਤਮਾ ਬਾਹਲਾ ਯਾਦ ਆਂਵਦਾ ਹੈ। ਦਾਰੂ ਅਕਾਲ ਪੁਰਖ ਦੇ ਆਪਣੇ ਹੱਥ, ਆਪਣੇ ਵਸ ਹੈ, ਉਸ ਨੇ ਰਾਜ਼ੀ ਕਰਨਾ ਹੈ, ਉਸ ਤੇ ਭਰੋਸਾ ਰਖੋ, ਦਵਾਈ ਵੀ ਤਾਂ ਹੀ ਲਗੇਗੀ, ਜੇ ਉਸ ਨੂੰ ਭਾਵੇਗਾ, ਉਸ ਦੇ ਹੁਕਮ ਬਿਨਾਂ ਕੁਝ ਨਹੀਂ ਹੁੰਦਾ। ਸਰੀਰ ਦੇ ਰੋਗ ਸਾਡੇ ਸਰੀਰਕ ਮਾਨਸਕ ਰੋਗਾਂ ਨੂੰ ਹਟਾਣ ਲਈ ਆਂਵਦੇ ਨੇ। ਤੁਸੀਂ ਵੈਦਾਂ ਦੇ ਸਿਰਤਾਜ ਵੈਦ ਅਕਾਲ ਪੁਰਖ ਤੇ ਭਰੋਸਾ ਰਖੋ। ਤੁਸੀਂ ਫੇਰ ਛੇਤੀ ਅਰੋਗ ਹੋਵੋਗੇ। ਜੇ ਅਕਾਲ ਪੁਰਖ ਚੇਤੇ ਆਵੇ ਤਾਂ ਦੁਖ ਵਿਚ ਵੀ ਸੁਖ ਹੈ ਤੇ ਜੇ ਪਰਮਾਤਮਾ ਨੂੰ ਭੁਲਾਈਏ ਤਾਂ ਸੁਖ ਵੀ ਕੌੜੇ। ਮੈਂ ਛੇਤੀ ਹੀ ਪਰਮਾਤਮਾ ਦੇ ਚਰਨਾਂ ਵਿਚ ਜਾ ਰਿਹਾ ਹਾਂ ਤੇ ਮੈਨੂੰ ਇਵੇਂ ਲਗਦਾ ਹੈ ਜਿਵੇਂ ਮੈਂ ਅਕਾਲ ਪੁਰਖ ਨੂੰ ਪ੍ਰਤਖ ਵੇਖ ਰਿਹਾ ਹਾਂ, ਜੇ ਅਸੀਂ ਸਦਾ ਅਕਾਲ ਪੁਰਖ ਦੀ ਹਜ਼ੂਰੀ ਵਿਚ ਰਹੀਏ ਤਾਂ ਦੁਖ ਘਟ ਜਾਂਦੇ ਹਨ। ਦੁਖ ਸਾਡੀ ਸ਼ੁਧੀ ਲਈ, ਸਾਡੀ ਆਤਮ ਉਨਤੀ ਲਈ ਵਾਪਰਦੇ ਨੇ। ਦੁਖ ਵਿਚ ਉਸੇ ਤੇ ਭਰੋਸਾ ਰਖੋ, ਆਪਣਾ ਸਰੀਰ ਤੇ ਮਨ ਉਸ ਦੇ ਅਰਪਣ ਕਰੋ ਤੇ ਅਤਿ ਦੁਖ ਵਿਚ ਵੀ ਪ੍ਰਭੂ ਨੂੰ ਯਾਦ ਰਖੋ ਤੇ ਭਾਣਾ ਸ਼ਾਂਤੀ ਨਾਲ ਮੰਨੋ। ਪਰਮਾਤਮਾ ਦੇ ਰਾਹ ਨਿਆਰੇ ਨੇ। ਕਦੀ-ਕਦੀ ਦੁਖ ਸਾਨੂੰ ਪਰਮਾਤਮਾ ਵਲ ਖਿਚਣ ਲਈ ਆਂਵਦਾ ਹੈ। ਕਦੀ ਸਾਡੀ ਬੇਵਸੀ ਏਡੀ ਹੁੰਦੀ ਹੈ ਕਿ ਅਸੀਂ ਸਮਝਦੇ ਹਾਂ, ਸਾਨੂੰ ਪ੍ਰਭੂ ਜੀ ਕਲਮਕਲਾ ਛੱਡ ਕੇ ਕਿਧਰੇ ਅਲੋਪ ਹੋ ਗਏ, ਪਰ ਘਾਬਰੋ

ਨਾ, ਪ੍ਰਭੁ ਜੀ ਦੂਰ ਨਹੀਂ, ਨੇੜੇ ਨੇ, ਅੰਗ-ਸੰਗ ਨੇ, ਨਿਸਚਾ ਦ੍ਰਿੜ ਰਖੋ।'

ਭਗਤ ਲਾਰੰਸ ਲਿਖਦਾ ਹੈ—'ਮੈਂ ਤਾਂ ਹਰ ਗੱਲ ਵਿਚ ਸਦਾ ਪ੍ਰਸੰਨ ਹਾਂ। ਜਗਤ ਦੁਖੀ ਜਾਪਦਾ ਹੈ, ਪਰ ਮੇਰੇ ਅੰਦਰ ਤਾਂ ਅਨੰਦ ਠਾਠਾਂ ਮਾਰ ਰਿਹਾ ਹੈ, ਇਡਾ ਅਨੰਦ ਜਿਸ ਦੇ ਯੋਗ ਮੈਂ ਆਪਣੇ ਆਪ ਨੂੰ ਸਮਝਦਾ ਨਹੀਂ। ਮੇਰਾ ਅਨੰਦ ਅਮੁਕ, ਅਤੁਟ ਹੋ ਗਿਆ ਹੈ (ਸਹਿਜ ਅਵਸਥਾ) ਅਕਾਲ ਪੁਰਖ ਸਾਨੂੰ ਨਹੀਂ ਛਡਦਾ, ਅਸੀਂ ਅਕਾਲ ਪੁਰਖ ਨੂੰ ਛਡਦੇ ਹਾਂ। ਸਾਨੂੰ ਸਦਾ ਸਦਾ ਉਸ ਦੀ ਹਜ਼ੂਰੀ ਵਿਚ ਰਹਿਣਾ ਚਾਹੀਦੈ। ਇਸੇ ਵਿਚ ਸੱਚਾ ਅਨੰਦ ਹੈ।

ਸਾਡੇ ਦੁਖ, ਸਾਡੇ ਸੋਗ, ਸਾਡੇ ਵਿਛੋੜੇ—ਅਕਾਲ ਪੁਰਖ ਦੀ ਮਿਹਰ ਦੇ ਸਬੂਤ ਨੇ, ਉਸ ਦੀ ਮਿਹਰ ਦੀ ਨਿਸ਼ਾਨੀ ਨੇ। ਜੇ ਇਸ ਦ੍ਰਿਸ਼ਟੀ ਨਾਲ ਵੇਖੋਗੇ ਤਾਂ ਤੁਸੀਂ ਦੁਖ ਨੂੰ ਸਹਿਜੇ ਹੀ ਝਲ ਲਵੋਗੇ। ਤੁਸੀਂ ਦਵਾ-ਦਾਰੂ ਬਹੁਤ ਕਰ ਲਿਆ ਹੈ ਤੇ ਕੁਝ ਨਹੀਂ ਬਣਿਆ, ਹੁਣ ਰੱਬ ਤੇ ਟੇਕ ਰਖੋ, ਉਸ ਦਾ ਆਸਰਾ ਲਵੋ। ਖਵਰੇ ਪਰਮਾਤਮਾ ਏਸੇ ਉਡੀਕ ਵਿਚ ਹੈ। ਉਸਦਾ ਭਾਣਾ ਮੰਨ ਕੇ ਚਲੋ। ਅਰਦਾਸ ਕਰੋ ਕਿ ਪਰਮਾਤਮਾ, ਭਾਣਾ ਮੰਨਣ ਦੀ ਸ਼ਕਤੀ ਬਖ਼ਸ਼ੇ। ਪਰਮਾਤਮਾ ਸਾਨੂੰ ਪਿਆਰ ਕਰਦਾ ਹੈ, ਅਸੀਂ ਉਹਦੇ ਨਾਲ ਇਡਾ ਪਿਆਰ ਨਹੀਂ ਕਰਦੇ ਜਿਡਾ ਉਹ ਸਾਡੇ ਨਾਲ ਪਿਆਰ ਕਰਦਾ ਹੈ। ਏਸ ਗੱਲ ਨੂੰ ਭੁਲੋ ਨਾ।

ਆਪਣੀਆਂ ਅੰਤਮ ਦੋ ਚਿਠੀਆਂ ਵਿਚ ਲਾਰੰਸ ਲਿਖਦਾ

ਹੈ—'ਮੈਂ ਕਈ ਵੇਰ ਮੌਤ ਦੇ ਦੰਦੇ ਪੁਜਾ, ਪਰ ਮੈਂ ਫੇਰ ਵੀ ਅਨੰਦ ਭਰਪੂਰ ਸਾਂ। ਮੈਂ ਬੀਮਾਰੀ ਤੋਂ ਨਵਿਰਤੀ ਲਈ ਅਰਦਾਸ ਨਾ ਕੀਤੀ, ਮੈਂ ਏਹੋ ਅਰਦਾਸ ਕੀਤੀ ਕਿ ਮੈਨੂੰ ਭਾਣਾ ਮੰਨਣ ਦੀ ਸ਼ਕਤੀ ਬਖ਼ਸ਼ੋ। ਏਸ ਪ੍ਰਕਾਰ ਭਾਣਾ ਡਾਢਾ ਮਿੱਠਾ ਲਗਦਾ ਹੈ। ਭਾਣਾ ਮੰਨਣ ਵਿਚ ਹੀ ਸਵਰਗ ਹੈ। ਸਾਡਾ ਹਿਰਦਾ ਹਰੀ ਮੰਦਰ ਹੋਣਾ ਚਾਹੀਦੈ, ਜਿਥੇ ਸਦਾ ਪ੍ਰਭ ਜੀ ਵਸਦੇ ਹੋਣ ਤੇ ਅਸੀਂ ਕੋਈ ਗੱਲ ਅਜੇਹੀ ਨਾ ਕਰੀਏ ਜੋ ਪ੍ਰਭੂ ਜੀ ਨੂੰ ਨਾ ਭਾਵੇ। ਇਸ ਦਸ਼ਾ ਦੀ ਪ੍ਰਾਪਤੀ ਕਠਨ ਤਾਂ ਹੈ, ਪਰ ਪਰਮਾਤਮਾ ਸਭ ਕੁਝ ਕਰ ਸਕਦਾ ਹੈ, ਉਸ ਦੀ ਮਿਹਰ ਦੀ ਲੋੜ ਹੈ, ਜੋ ਸ਼ੁਧ ਹਿਰਦੇ ਸਹਿਤ ਨਿਮਰਤਾ-ਪੂਰਬਕ ਮੰਗੋ, ਸੋ ਲਓ। ਇਵੇਂ ਮੰਗੀਏ ਤਾਂ ਅਕਾਲ ਪੁਰਖ ਨਾਂਹ ਨਹੀਂ ਕਰਦੇ। ਉਸਦੇ ਦਰ ਤੇ ਮੰਗੋ, ਸਚੇ ਦਿਲੋਂ ਨਿਮਾਣੇ ਹੋ ਕੇ ਮੰਗੋ, ਜੋ ਮੰਗੋ ਮਿਲੇਗਾ। ਇਹ ਤਾਂ ਪਰਮਾਤਮਾ ਹੀ ਜਾਣਦਾ ਹੈ, ਸਾਡੇ ਭਲੇ ਦੀ ਕੀ ਗੱਲ ਹੈ ਤੇ ਸਾਡੀਆਂ ਸਰਵਉਤਮ ਲੋੜਾਂ ਕੀ ਹਨ। ਜੋ ਕਰਦਾ ਹੈ ਸਾਡੇ ਭਲੇ ਦੀ ਕਰਦਾ ਹੈ। ਜੇ ਸਾਨੂੰ ਉਸ ਦੇ ਅਥਾਹ ਪਰੇਮ ਦਾ ਪਤਾ ਹੋਵੇ ਤਾਂ ਉਸ ਵਲੋਂ ਘਲਿਆ ਦੁਖ, ਸੁਖ ਸਾਨੂੰ ਡਾਢਾ ਮਿਠਾ, ਪਿਆਰਾ ਲਗੇ। ਅਕਾਲ ਪੁਰਖ ਨੂੰ ਜਾਨਣ ਲਈ ਯਤਨ ਕਰੋ। ਜਿਵੇਂ ਜਿਵੇਂ ਪਰਮਾਤਮਾ ਬਾਰੇ ਸਾਡਾ ਗਿਆਨ ਵਧੇਗਾ, ਤਿਉਂ-ਤਿਉਂ ਪਰਮਾਤਮਾ ਨਾਲ ਸਾਡਾ ਪਿਆਰ ਪਏਗਾ ਤੇ ਪਿਆਰ ਸਦਕਾ ਦੁਖ-ਸੁਖ ਇਕ ਸਮਾਨ ਪ੍ਰਤੀਤ ਹੋਵੇਗਾ। ਜਗਤ ਦੇ ਭੋਗ ਸੁਖੀ ਨਹੀਂ ਬਣਾ ਸਕਦੇ, ਕੇਵਲ ਪਰਮਾਤਮਾ ਦੀ ਲਿਵ

ਹੀ ਪੂਰਨ ਅਨੰਦ, ਅਮੁਕ ਅਨੰਦ ਦੇ ਸਕਦੀ ਹੈ। ਪਰਮਾਤਮਾ ਸਾਡੇ ਅੰਗ-ਸੰਗ, ਸਾਡੇ ਅੰਦਰ ਹੈ

(ਘਟ ਹੀ ਮਾਹਿ ਨਿਰੰਜਨੁ ਤੇਰੈ।)

ਅਸੀਂ ਪ੍ਰਭੂ ਨੂੰ ਛੋੜ ਨਿਕੰਮੇ ਕੰਮਾਂ ਵਿਚ ਰੁਝ ਜਾਂਦੇ ਹਾਂ। ਦਿਲੋਂ ਮਨੋਂ ਪਰਮਾਤਮਾ ਨਾਲ ਪਿਆਰ ਪਾਉ। ਸਾਡੇ ਦਿਲ ਵਿਚ ਕੇਵਲ ਅਕਾਲ ਪੁਰਖ ਹੀ ਵਸੇ, ਸਾਡਾ ਹਿਰਦਾ ਕੇਵਲ ਉਸ ਦਾ ਸੰਘਾਸਨ ਹੋਵੇ। ਇਹੋ ਅਰਦਾਸ ਕਰੋ। ਮੈਨੂੰ ਜੋ ਅਨੰਦ ਪ੍ਰਾਪਤ ਹੈ, ਉਸ ਲਈ ਮੈਂ ਵਾਰੇ ਜਾਂਦਾ ਹਾਂ। ਮੈਂ ਕੁਝ ਦਿਨਾਂ ਅੰਦਰ ਹੀ ਅਕਾਲ ਪੁਰਖ ਦੇ ਸਨਮੁਖ ਦਰਸ਼ਨ ਕਰਾਂਗਾ।

ਇਸ ਲੇਖ ਦੇ ਦੋ ਦਿਨ ਮਗਰੋਂ ਭਾਈ ਲਾਰੰਸ ਮੰਜੇ ਤੇ ਪੈ ਗਿਆ ਤੇ ਉਸੇ ਹਫਤੇ ੮੦ ਸਾਲ ਦੀ ਉਮਰ ਵਿਚ ਚਲਾਣਾ ਕਰ ਗਿਆ।)

ਵਿਸਮਾਦੀ ਦਸ਼ਾ

ਸਿਖ ਦਾ ਤੱਤ ਕੀ ਹੈ ? ਸਦਾ ਅਕਾਲ ਪੁਰਖ ਨਾਲ ਇਕ-ਮਿਕ ਹੋਏ ਰਹਿਣਾ। ਅਕਾਲ ਪੁਰਖ ਨਾਲ ਇਕ-ਮਿਕ ਹੋਣ ਦਾ ਨਿਸ਼ਾਨ ਕੀ ਹੈ ? ਅਟੁਟ ਸ਼ਾਂਤੀ, ਗੁਰੂ ਨਾਨਕ ਸਾਹਿਬ ਦੇ ਕਥਨ ਅਨੁਸਾਰ 'ਹਿਵੈ'—ਬਰਫ਼ ਸਮਾਨ ਸ਼ਾਂਤੀ। ਸਤਿਗੁਰਾਂ ਸਿਧ-ਗੋਸ਼ਟ ਵਿਚ ਕਿਹਾ—

'ਹਿਵੈ ਕਾ ਘਰੁ ਮੰਦਰੁ, ਅਗਨਿ ਪਿਰਾਹਨੁ'

ਫੇਰ ਕਿਹਾ—

'ਕਵਨ ਮੁਖਿ, ਚੰਦੁ ਹਿਵੈ ਘਰੁ ਛਾਇਆ।
ਕਵਨ ਮੁਖਿ, ਸੂਰਜੁ ਤਪੈ ਤਪਾਇਆ।'
'ਸਬਦੁ ਭਾਖਤ ਸਸਿ ਜੋਤਿ ਅਪਾਰਾ,
ਸਸਿ ਘਰਿ ਸੂਰੁ ਵਸੈ, ਮਿਟੈ ਅੰਧਿਆਰਾ'॥

ਸਤਿਗੁਰਾਂ ਇਨ੍ਹਾਂ ਵਾਕਾਂ ਵਿਚ ਸਿਖੀ ਦਾ ਤਤ ਵਰਨਣ ਕਰ ਦਿਤਾ ਹੈ। ਸ਼ਬਦ (ਨਾਮ ਸਿਮਰਨ) ਦਾ ਅਟੁਟ ਅਭਿਆਸ ਸਾਡੇ ਅੰਦਰ ਹਿਵੈ (ਬਰਫ਼) ਵਾਲੀ ਠੰਢ, ਚੰਦਰਮਾ ਵਾਲੀ ਸੀਤਲਤਾ ਤੇ ਗਿਆਨਮਈ ਸੂਰਜ ਪੈਦਾ ਕਰਦਾ ਹੈ। ਫੇਰ ਏਸੇ ਪਰਕਾਰ ਸਿਧ ਗੋਸ਼ਟ ਵਿਚ ਲਿਖਿਆ ਹੈ—

'ਨਾਮ ਤਤੁ ਸਭ ਹੀ ਸਿਰਿ ਜਾਪੈ।
ਬਿਨੁ ਨਾਵੈ ਦੁਖੁ ਕਾਲੁ ਸੰਤਾਪੈ।

ਤਤੋ ਤਤੁ ਮਿਲੈ ਮਨੁ ਮਾਨੈ॥"

ਨਾਮ ਤਤ (ਅਕਾਲ ਪੁਰਖ ਨੂੰ ਹਿਰਦੇ ਵਿਚ ਸਹੀ-ਸਾਖਿਆਤ ਕਰਨਾ) ਸਭ ਹੋਰ ਜਪਾਂ ਦਾ ਸਿਰਤਾਜ ਹੈ ਤੇ ਇਸ ਦਵਾਰਾ ਮਨ (ਸੰਕਲਪ-ਖਿਆਲ-ਫੁਰਨੇ) ਸ਼ਾਂਤ ਹੋ ਕੇ ਅੰਤਰ-ਆਤਮੇ ਸਮਾ ਜਾਂਦਾ ਹੈ ਤੇ ਅਸੀਂ ਇਕਮਿਕਤਾ ਦੀ ਦਸ਼ਾ ਵਿਚ ਹੁੰਦੇ ਹਾਂ ਤੇ ਉਹ ਅਵਸਥਾ ਵਾਪਰਦੀ ਹੈ ਜਿਸ ਨੂੰ ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿਚ ਇਸ ਤਰ੍ਹਾਂ ਦਰਸਾਇਆ ਹੈ—

'ਜਿਉ ਜਲ ਮਹਿ ਜਲੁ ਆਇ ਖਟਾਨਾ
ਤਿਉ ਜੋਤੀ ਸੰਗਿ ਜੋਤ ਸਮਾਨਾ॥'

'ਜੋਤੀ ਸੰਗਿ ਜੋਤਿ ਸਮਾਨਾ' ਇਕਮਿਕਤਾ-ਸੰਜੋਗ (ਅਕਾਲ ਪੁਰਖ ਨਾਲ ਮਿਲਾਪ) ਦੀ ਵਿਸਮਾਦੀ ਦਸ਼ਾ ਹੈ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਬਾਣੀ ਪਾਠਕਾਂ-ਅਭਿਆਸੀਆਂ ਅੰਦਰ ਬਰਫ਼ ਵਾਲੀ ਸ਼ਾਂਤ, ਚੰਦਰਮਾ ਵਾਲੀ ਸੀਤਲਤਾ ਤੇ ਸੂਰਜਮਈ ਗਿਆਨ ਪੈਦਾ ਕਰਨ ਨੂੰ ਲਿਖੀ। ਜੇ ਗੁਰੂ ਅਰਜਨ ਸਾਹਿਬ ਸੁਖਮਨੀ ਸਾਹਿਬ ਤੋਂ ਛੁਟ ਹੋਰ ਕੁਝ ਵੀ ਨਾ ਲਿਖਦੇ, ਹੋਰ ਕੋਈ ਕਾਰ ਨਾ ਵੀ ਕਰਦੇ, ਤਾਂ ਵੀ ਸੁਖਮਨੀ ਸਾਹਿਬ ਦਾ ਸਦਕਾ ਉਨ੍ਹਾਂ ਦਾ ਨਾਂ ਅਮਰ, ਅਟਲ ਰਹਿਣਾ ਸੀ। ਉਹਨਾਂ ਸੁਖਮਨੀ ਸਾਹਿਬ 'ਨਾਮ-ਤਤ' ਅਕਾਲ ਪੁਰਖ ਨੂੰ ਸਾਡੇ ਆਪਣੇ ਹਿਰਦੇ ਅੰਦਰ ਸਹੀ-ਸਾਖਿਆਤ ਕਰਨ ਦੀ ਵਿਸਮਾਦੀ ਦਸ਼ਾ ਨੂੰ ਗੁੰਗੇ ਕੀ ਮਠਿਆਈ ਕਿਹਾ ਜੋ ਹਿਰਦੇ ਵਿਚ ਪ੍ਰਤੀਤ ਹੁੰਦੀ ਹੈ, ਪਰ ਉਸ ਦਾ ਅਨੰਦ ਪੂਰਨ ਤਰੀਕੇ

ਨਾਲ ਕਥਨ ਕਰਨਾ ਸੰਭਵ ਨਹੀਂ। ਹਾਂ ਅਨੇਕ ਵਡਭਾਗਿਆਂ ਨੇ ਤੇ ਸਾਡੇ ਸਤਗੁਰਾਂ ਨੇ ਉਸ ਵਿਸਮਾਦੀ ਦਸ਼ਾ ਦੀਆਂ ਝਲਕੀਆਂ ਵਰਨਣ ਕੀਤੀਆਂ ਹਨ। ਉਨ੍ਹਾਂ ਵਿਚੋਂ ਕੁਝ ਝਲਕੀਆਂ ਹੇਠਾਂ ਦਰਜ ਹਨ :-

੧. ਇਕ ਬੰਗਾਲੀ ਮੁਕੰਦ ਲਾਲ ਘੋਸ਼ ਜੋ ਪਿਛੋਂ ਇਕ ਜੋਗੀ ਦੇ ਰੂਪ ਵਿਚ ਅਮਰੀਕਾ ਗਿਆ ਤੇ ੩੦ ਸਾਲ ਉਥੇ ਰਿਹਾ। ਉਸ ਦਾ ਦੇਹਾਂਤ ਉਥੇ ਹੀ ਹੋਇਆ, ਆਪਣੀ ਵਿਸਮਾਦੀ ਦਸ਼ਾ ਇਸ ਪਰਕਾਰ ਕਥਨ ਕਰਦਾ ਹੈ :-

'ਮੇਰਾ ਸਰੀਰ ਮਾਨੋ ਨਿਰਜਿੰਦ ਸੀ, ਜਿਵੇਂ ਸਾਹ-ਸਤ ਹੈ ਹੀ ਨਹੀਂ। ਮੈਨੂੰ ਆਪਣੇ ਸਰੀਰ ਦੀ ਕਾਈ ਸੁਧ-ਸੁਧ ਨਾ ਸੀ। ਬੰਧਨ-ਰਹਿਤ ਆਤਮਾ ਦਾ ਪਰਕਾਸ਼ ਸੀ। ਮੈਨੂੰ ਦੂਰ-ਨੇੜੇ ਦੀਆਂ ਵਸਤਾਂ ਦਿਸਦੀਆਂ ਸਨ—ਬ੍ਰਿਛ-ਬੂਟੇ, ਮਨੁਖ ਆਦਿ। ਮੈਨੂੰ ਬ੍ਰਿਛਾਂ ਦੀਆਂ ਜੜ੍ਹਾਂ ਵਿਚ ਉਨ੍ਹਾਂ ਦਾ ਜੀਵਨ-ਰਸ ਚਕਰ ਲਾਂਦਾ, ਕਾਰ ਕਰਦਾ ਦਿਸਦਾ ਸੀ। ਮੈਨੂੰ ਧਰਤੀ ਦੀਆਂ ਚਾਰੇ ਕੂੰਟਾਂ ਪਰਤੀਤ ਹੁੰਦੀਆਂ ਸਨ। ਮੇਰੇ ਸਿਰ ਦੇ ਸਾਹਮਣੇ ਤੇ ਸਿਰ ਦੇ ਪਿਛੇ ਸਭ ਕੁਝ ਦਿਸਦਾ ਸੀ। ਸਾਰਾ ਦ੍ਰਿਸ਼, ਸਭ ਵਸਤਾਂ-ਮਨੁਖ, ਪਸ਼ੂ ਇਵੇਂ ਦਿਸਦੇ ਸਨ ਜਿਵੇਂ ਪਰਦੇ ਤੇ ਸਿਨੇਮੇ ਦੀਆਂ ਮੂਰਤਾਂ। ਚਾਰ-ਚੁਫੇਰੇ ਚਾਨਣ ਦਾ ਸਾਗਰ ਸੀ। ਇਥੋਂ ਚਾਨਣ ਸਾਰੇ ਬ੍ਰਹਿਮੰਡ ਵਿਚ ਪਸਰਿਆ ਦਿਸਿਆ। ਮੇਰਾ ਲੂੰ-ਲੂੰ ਠੰਢਾ ਸੀ, ਸ਼ਾਂਤ ਸੀ, ਅਥਾਹ ਅਨੰਦ ਸੀ। ਮੈਨੂੰ ਧਰਤੀ, ਸ਼ਹਿਰ, ਅਕਾਸ਼, ਪਾਤਾਲ, ਤਾਰਾ-ਮੰਡਲ, ਲਖਾਂ ਸੂਰਜ, ਕੋਟ ਬ੍ਰਹਿਮੰਡ, ਦੀਪ, ਲੋਹ, ਇਕੋ ਜੋਤੀ ਦੇ

ਲੋਅ ਵਿਚ ਲਟ-ਲਟ ਕਰਦੇ ਦਿਸੇ। ਸਾਰਾ ਬ੍ਰਹਿਮੰਡ ਸ਼ਾਂਤ-ਭਰਪੂਰ ਚਾਨਣ ਵਿਚ ਲਿਸ਼ਕਦਾ ਦਿਸਿਆ, ਜਿਵੇਂ ਰਾਤ ਵੇਲੇ ਦੂਰੋਂ ਕੋਈ ਸ਼ਹਿਰ ਜਗਮਗ-ਜਗਮਗ ਕਰਦਾ ਦਿਸਦਾ ਹੈ। ਇਹ ਸਭ ਕੁਝ ਮੈਨੂੰ ਆਪਣੇ ਅੰਦਰ ਦਿਸਿਆ। ਮੇਰਾ ਆਪਾ ਮਾਨੋ ਬੇਅੰਤ, ਬੇਓੜਕ ਸੀ, ਜਿਸ ਦਾ ਕੋਈ ਹੱਦ-ਬੰਨਾ ਨਾ ਸੀ। ਬ੍ਰਹਿਮੰਡਾਂ ਦੀ ਚਮਕਦੀ, ਲਿਸ਼ਕਦੀ ਚਾਨਣੀ ਤੋਂ ਪਰੇ-ਪਰੇਡੇ ਮੈਂ ਨਿਮੀ-ਨਿਮੀ ਲੋਅ ਵੇਖੀ ਜੋ ਸਦੀਵੀ, ਅਟਲ, ਅਚਲ ਪਰਤੀਤ ਹੁੰਦੀ ਸੀ। ਅਤਿ ਸੂਖਮ ਲੋਅ ਸੀ।

ਇਹ ਚਾਨਣ ਅਟਲ, ਸਦੀਵੀ ਸੋਮੇ ਤੋਂ ਫੁਟ ਰਿਹਾ ਸੀ ਤੇ ਇਸੇ ਚਾਨਣ ਵਿਚੋਂ ਕੋਟ ਬ੍ਰਹਿਮੰਡ, ਕੋਟ ਕੋਟਾਨ ਸੂਰਜ ਦੀਪ, ਲੋਅ ਅਨੰਤ ਤਾਰਾ ਮੰਡਲ ਉਪਜਦੇ ਦਿਸੇ। ਚਾਨਣ ਦੀਆਂ ਕਿਰਨਾਂ-ਰਿਸ਼ਮਾਂ ਬ੍ਰਹਿਮੰਡਾਂ, ਸੂਰਜਾਂ, ਤਾਰਾ ਮੰਡਲਾਂ ਦਾ ਰੂਪ ਧਾਰਦੀਆਂ ਦਿਸੀਆਂ। ਦ੍ਰਿਸ਼ ਅਕਹਿ, ਅਕਥ ਸੀ। ਫੇਰ ਇਹ ਬ੍ਰਹਿਮੰਡ ਸ਼ੋਹਲਿਆਂ ਦੀ ਲੋਅ ਲਾਂਬਿਆਂ ਦੇ ਚਾਨਣ ਦਾ ਰੂਪ ਧਾਰ ਲੈਂਦੇ ਸਨ। ਚਾਨਣ ਬ੍ਰਹਿਮੰਡ ਦਾ ਰੂਪ ਦਿਸਿਆ ਤੇ ਬ੍ਰਹਿਮੰਡ ਚਾਨਣ ਦਾ ਰੂਪ ਨਜ਼ਰੀਂ ਆਇਆ।

ਮੇਰਾ ਹਿਰਦਾ ਏਸ ਸਾਰੇ ਦ੍ਰਿਸ਼ ਦਾ ਕੇਂਦਰ ਸੀ, ਮੈਂ ਆਪਣੇ 'ਨਿਜ ਘਰ', ਅੰਤਰ-ਆਤਮੇ ਸਭ ਕੁਝ ਡਿਠਾ। ਮੇਰੇ ਅੰਦਰੋਂ ਲਟ ਲਟ ਕਰਦੀ ਜੋਤ ਸਭ ਬ੍ਰਹਿਮੰਡਾਂ, ਖੰਡਾਂ, ਦੀਪਾਂ, ਲੋਆਂ, ਪਾਤਾਲਾਂ ਵਿਚ ਪਸਰੀ ਹੋਈ ਸੀ ਤੇ ਮੇਰੇ ਅੰਦਰ ਅਨੰਦ ਦਾ ਅੰਮ੍ਰਿਤ-ਸਾਗਰ ਠਾਠਾਂ ਮਾਰ ਰਿਹਾ ਸੀ ਤੇ ਸਭ ਬ੍ਰਹਿਮੰਡਾਂ ਵਿਚ ਦੈਵ-ਈਸ਼ਵਰੀ ਸ਼ਬਦ ਦਾ ਨਾਦ ਗੂੰਜ ਰਿਹਾ ਸੀ।

ਜਦ ਮੇਰੀ ਸਮਾਧੀ ਖੁਲ੍ਹੀ ਤਾਂ ਮੈਂ ਡਾਢਾ ਉਦਾਸ ਹੋਇਆ, ਕਿਉਂਜੋ ਮੇਰੀ ਅਕਥ ਅਨੰਦ-ਭਰਪੂਰ ਦਸ਼ਾ ਨਾ ਰਹੀ ਤੇ ਮੈਂ ਮੁੜ ਆਪਣੇ ਆਪ ਨੂੰ ਸਰੀਰ ਦੇ ਪਿੰਜਰੇ ਵਿਚ ਘਿਰਿਆ ਪ੍ਰਤੀਤ ਕੀਤਾ। ਮੈਂ ਆਪਣੇ ਅਨੰਤ, ਅਨੂਪ ਵਤਨ ਤੋਂ ਵਿਛੜ ਕੇ ਸਰੀਰ ਦੇ ਬੰਦੀਖ਼ਾਨੇ ਵਿਚ ਬੰਦੀ ਹੋਇਆ ਹੋਇਆ ਪ੍ਰਤੀਤ ਕੀਤਾ।

੨. ਪ੍ਰਸਿਧ ਅੰਗਰੇਜ਼ੀ ਕਵੀ ਵਰਡਜ਼ਵਰਥ (Wordsworth) ਨੇ ਵਿਸਮਾਦੀ ਦਸ਼ਾ ਨੂੰ ਇਸ ਪ੍ਰਕਾਰ ਚਿਤਰਿਆ ਹੈ :-

'ਉਹ ਵਡਭਾਗੀ ਅਵਸਥਾ ਜਿਸ ਵਿਚ ਅਸੀਂ ਹੌਲੇ ਫੁਲ ਹੋਈਦਾ ਹੈ, ਜਿਸ ਵਿਚ ਇਸ ਰੂਪ-ਆਕਾਰ ਵਾਲੇ ਸੰਸਾਰ ਦਾ ਭਾਰ ਹੌਲਾ ਹੋ ਜਾਂਦਾ ਹੈ, ਉਹ ਸ਼ਾਂਤਮਈ ਅਵਸਥਾ ਜਦ ਅਸੀਂ ਪਰੇਮ ਮੂਰਤ ਹੋ ਕੇ ਅੰਦਰ ਸਮਾ ਜਾਂਦੇ ਹਾਂ, ਜਦੋਂ ਸਵਾਸ ਸੂਖਮ ਹੋ ਜਾਂਦੇ ਨੇ ਤੇ ਸਾਡੀਆਂ ਨਾੜੀਆਂ ਵਿਚ ਲਹੂ ਦਾ ਚਲਣਾ ਮਾਨੋ ਖਲੋ ਜਾਂਦਾ ਹੈ ਤੇ ਅਸੀਂ ਡੂੰਘੀ ਨੀਂਦ ਵਾਲੀ ਅਨੰਦਮਈ, ਸ਼ਾਂਤਮਈ ਦਸ਼ਾ ਵਿਚ ਹੁੰਦੇ ਹਾਂ, ਸਰੀਰ ਦੀ ਸਾਨੂੰ ਕੋਈ ਸੁਧ-ਬੁਧ ਨਹੀਂ ਹੁੰਦੀ ਤੇ ਅਸੀਂ ਨਿਰੋਲ ਆਤਮ-ਰੂਪ ਹੁੰਦੇ ਹਾਂ, ਜਦ ਅਸੀਂ ਅੰਤਰ-ਅਨੰਦ ਭਰਪੂਰ ਹੁੰਦੇ, ਸ਼ਾਂਤ-ਪੂਰਤ ਹੋਏ ਹੋਏ ਸਰਬ-ਦਰਸੀ ਹੁੰਦੇ ਹਾਂ ਤਾਂ ਸਾਨੂੰ ਪੂਰਨ ਗਿਆਨ ਤੇ ਪੂਰਨ ਅਨੁਭਵ ਹੁੰਦਾ ਹੈ।

੩. ਰਾਮ ਕ੍ਰਿਸ਼ਨ ਪਰਮਹੰਸ ਨੇ ਇਸੇ ਦਸ਼ਾ ਨੂੰ ਇਸ ਪ੍ਰਕਾਰ ਦਰਸਾਇਆ ਹੈ :-

ਮੈਨੂੰ ਸਰੀਰ ਦੀ, ਸੰਸਾਰ ਦੀ ਕੋਈ ਸੁਧ ਬੁਧ ਨਾ ਸੀ, ਮੈਨੂੰ ਚੇਤੰਨਤਾ (Consciousness) ਦੇ ਬੇਓੜਕ ਚਾਨਣ ਦਾ ਮਹਾਂ-ਸਾਗਰ ਪ੍ਰਤਖ ਦਿਸਦਾ ਸੀ ਤੇ ਜਿਥੋਂ ਤੀਕ ਮੈਂ ਵੇਖ ਸਕਦਾ ਸਾਂ, ਚਾਨਣ ਦੀਆਂ ਲਹਿਰਾਂ ਚਾਰ-ਚੁਫੇਰਿਉਂ ਮੇਰੇ ਵਲ ਠਾਠਾਂ ਮਾਰਦੀਆਂ, ਗਜਦੀਆਂ, ਸ਼ੂਕਦੀਆਂ ਮੈਨੂੰ ਆਪਣੇ ਵਿਚ ਗੜੂੰਦ ਕਰਨ ਲਈ ਦਬਾਦਬ ਆਉਂਦੀਆਂ ਪ੍ਰਤੀਤ ਹੁੰਦੀਆਂ ਸਨ। ਮੇਰੇ ਅੰਦਰ ਅਨੰਦ ਦਾ ਅਨੰਤ ਸੋਮਾ, ਅਨੰਦ ਦਾ ਉਮਾਹ ਫੁਟਿਆ ਪ੍ਰਤੀਤ ਹੁੰਦਾ ਸੀ। ਮੈਨੂੰ ਉਸ ਘੜੀ ਪਰਮਾਤਮਾ ਪ੍ਰਤਖ ਪ੍ਰਤੀਤ ਹੁੰਦਾ ਸੀ।

੪. ਰਾਬਿੰਦਰਾਨਾਥ ਟੈਗੋਰ ਨੇ ਆਪਣੀ ਹਡ-ਬੀਤੀ ਨੂੰ ਇਉਂ ਕਥਿਆ ਹੈ :-

ਮੈਂ ਆਪਣੇ ਨਿਵਾਸ ਦੀ ਛਤ ਤੇ ਖੜਾ ਸੀ, ਸੂਰਜ ਬ੍ਰਿਛਾਂ ਦੇ ਪਿਛੋਂ ਦੀ ਉਦੈ ਹੋ ਰਿਹਾ ਸੀ। ਮੈਂ ਟਿਕ ਟਿਕੀ ਲਾ ਕੇ ਵੇਖ ਰਿਹਾ ਸਾਂ। ਅਚਨਚੇਤ ਸਹਿਜੇ ਹੀ ਮੈਂ ਅਨੁਭਵ ਕੀਤਾ, ਜਿਵੇਂ ਮੇਰੀਆਂ ਅੱਖਾਂ ਤੋਂ ਪੱਟੀ ਉਤਰ ਗਈ ਹੈ, ਤੇ ਮੈਨੂੰ ਉਸ ਘੜੀ ਜਗ ਦੇ ਬਾਹਰਲੇ ਚਾਨਣ ਨਾਲ ਹੀ ਅੰਦਰੋਂ ਚਾਨਣ ਤੇ ਅਨੰਦ ਉਪਜਦਾ ਪ੍ਰਤੀਤ ਹੋਇਆ ਤੇ ਮੈਨੂੰ ਹਰ ਪਾਸੇ ਸੁੰਦਰਤਾ ਅਤੇ ਅਨੰਦ ਦੀਆਂ ਲਹਿਰਾਂ ਠਾਠਾਂ ਮਾਰਦੀਆਂ ਪ੍ਰਤੀਤ ਹੋਈਆਂ ਤੇ ਮੈਂ ਅਨੁਭਵ ਕੀਤਾ ਕਿ ਅਗੇ ਤਾਂ ਮੈਂ ਜਗ ਦੀ ਸੁੰਦਰਤਾ ਆਪਣੇ ਸਰੀਰਕ ਨੇਤ੍ਰਾਂ ਦੁਆਰਾ ਵੇਖਦਾ ਸਾਂ ਤੇ ਹੁਣ ਮੈਂ ਆਤਮਾ ਤੇ ਮਨ ਦੇ ਨੇਤ੍ਰਾਂ ਨਾਲ ਜਗ ਦੀ ਅਸਲੀ ਸੁੰਦਰਤਾ ਵੇਖ ਰਿਹਾ ਹਾਂ। ਇਸ ਦਸ਼ਾ ਮਗਰੋਂ ਮੈਨੂੰ

ਕੋਈ ਵਸਤੂ ਕੋਝੀ ਨਾ ਲਗੀ, ਨਾ ਕੋਈ ਮਾੜਾ ਦਿਸਿਆ। ਹਰ ਵਸਤੂ ਮੈਨੂੰ ਸੁੰਦਰ ਤੇ ਅਰਥ-ਭਰਪੂਰ ਦਿਸੀ। ਸਭ ਮਨੁਖ, ਜੀ-ਜੰਤ ਸੁੰਦਰ, ਮਨ-ਮੋਹਣੇ ਲਗੇ ਤੇ ਹਰ ਪਾਸੇ ਮੈਨੂੰ ਹਰੀ ਆਪ ਵਿਆਪਕ ਨਜ਼ਰੀਂ ਆਇਆ।'

੫. ਸੀ. ਐਫ. ਐਂਡਰੂਜ਼ ਪ੍ਰਸਿੱਧ ਅੰਗਰੇਜ਼ ਪਰਉਪਕਾਰੀ ਪਾਦਰੀ ਤੇ ਦਿੱਲੀ ਦੇ ਇਕ ਈਸਾਈ ਕਾਲਜ ਦੇ ਪ੍ਰੋਫੈਸਰ ਦੀ ਵਿਸਮਾਦੀ ਦਸ਼ਾ ਬਾਰੇ ਉਨ੍ਹਾਂ ਦੀ ਜੀਵਨੀ ਦੇ ਕਰਤਾ (ਚਤੁਰਵੇਦੀ ਤੇ ਮਾਰਜਰੀ ਸਾਈਕਸ) ਨੇ ਲਿਖਿਆ ਹੈ ਕਿ ਜਦ ਉਹ ਵਲੈਤੋਂ ਹਿੰਦੁਸਤਾਨ ਆਉਣ ਦੀ ਤਿਆਰੀ ਕਰ ਰਹੇ ਸਨ, ਇਕ ਦਿਨ ਜਦ ਉਹ ਆਪਣੀ ਮਾਤਾ ਦੇ ਗੋਡਿਆਂ ਤੇ ਸਿਰ ਰਖ ਕੇ ਅਰਦਾਸ ਕਰ ਰਹੇ ਸਨ ਤਾਂ ਚਾਨਣ ਦੇ ਠਾਠਾਂ ਮਾਰਦੇ ਸਾਗਰ ਦੀਆਂ ਲਹਿਰਾਂ ਉਨ੍ਹਾਂ ਤੇ ਟੁਟ ਟੁਟ ਕੇ ਪੈ ਰਹੀਆਂ ਸਨ ਤੇ ਉਨ੍ਹਾਂ ਦੇ ਮਨ ਤੇ ਸਰੀਰ ਨੂੰ ਅਥਾਹ ਸ਼ਾਂਤੀ ਤੇ ਅਨੰਦ ਨਾਲ ਭਰਪੂਰ ਕਰਦੀਆਂ, ਉਨ੍ਹਾਂ ਨੂੰ ਦਿਲੋਂ-ਮਨੋਂ ਪਵਿੱਤਰ ਤੇ ਸੁਚਾ ਕਰ ਰਹੀਆਂ ਸਨ। ਐਂਡਰੂਜ਼ ਜਿਹੇ ਸਚੇ-ਸੁਚੇ, ਮਿਠੇ ਭਗਤ ਤੇ ਪਰਉਪਕਾਰੀ ਜਗ ਵਿਚ ਵਿਰਲੇ ਹੀ ਹੋਏ ਹਨ।

ਅਰਬਿੰਦੋ ਘੋਸ਼ ਨੂੰ ਵੀ ਜੇਲ੍ਹ ਵਿਚ ਏਹੋ ਜੇਹੀ ਵਿਸਮਾਦੀ ਦਸ਼ਾ ਵਾਪਰੀ, ਉਸਦੇ ਮਗਰੋਂ ਉਹ ਪੂਰਨ ਜੋਗੀਆਂ ਵਾਂਗ ਪਰਮਾਤਮਾ ਨਾਲ ਜੁੜੇ ਰਹੇ ਤੇ ਇਕਮਿਕਤਾ ਦਾ ਸਹਿਜ ਜੋਗ ਕਮਾਇਆ।

੬. ਸਵਾਮੀ ਵਿਵੇਕਾਨੰਦ ਚੋਟੀ ਦੇ ਵਿਦਵਾਨ ਸਨ। ਇਕ

ਫੇਰ ਜਦ ਉਹ ਰਾਮ ਕ੍ਰਿਸ਼ਨ ਪਰਮਹੰਸ ਜੀ ਦੇ ਸਾਹਮਣੇ ਬੈਠੇ ਸਨ, ਪਰਮਹੰਸ ਜੀ ਨੇ ਆਪਣੀਆਂ ਅੱਖਾਂ ਸਵਾਮੀ ਵਿਵੇਕਾਨੰਦ ਦੀਆਂ ਅੱਖਾਂ ਵਿਚ ਡੋਬ ਦਿਤੀਆਂ ਤਾਂ ਸਵਾਮੀ ਵਿਵੇਕਾਨੰਦ ਤੇ ਵਿਸਮਾਦੀ ਦਸ਼ਾ ਵਾਪਰੀ। ਪਰਮਾਤਮਾ ਨਾਲ ਪ੍ਰੇਮ ਦਾ ਪ੍ਰਵਾਹ ਵਗ ਤੁਰਿਆ, ਗਦ-ਗਦ ਹੋਏ ਤੇ ਪਰਮਹੰਸ ਜੀ ਨੂੰ ਕਹਿਣ ਲਗੇ—ਏਸ ਦਸ਼ਾ ਵਿਚ ਡਾਢਾ ਸੁਆਦ ਹੈ, ਮੇਰੀ ਲਾਲਸਾ ਹੈ ਕਿ ਸਦਾ ਇਹੋ ਰੰਗ ਮਾਣਾਂ ਤੇ ਹੋਰ ਕੋਈ ਕਾਰ ਨਾ ਕਰਾਂ। ਪਰਮਹੰਸ ਬੋਲੇ—ਸ਼ਰਮ ਨਹੀਂ ਆਉਂਦੀ ਆਪਣੇ ਅਨੰਦ ਲਈ ਗ੍ਰਿਹਸਤ ਦੀ ਕਾਰ ਕਰਨੋਂ, ਪਰਉਪਕਾਰ ਤੇ ਸੇਵਾ ਕਰਨੋਂ ਕੰਨੀ ਕਤਰਾਂਦਾ ਹੈਂ। ਜਗਤ ਵਿਚ ਰਹਿ ਕੇ ਸ਼ਾਂਤੀ ਤੇ ਅਨੰਦ ਨਾਲ ਭਰਪੂਰ ਹੋ ਕੇ ਜਗਤ ਦੀ ਸੇਵਾ ਕਰੀ ਜਾਉ।

ਇਹੋ ਸਿਖੀ ਦਾ ਆਦਰਸ਼ ਹੈ। ਸਤਿਗੁਰਾਂ ਆਪਣੇ ਉਦਾਸੀ ਮਾਰਗ ਧਾਰਨ ਵਾਲੇ ਬੇਟਿਆਂ ਨੂੰ ਗੁਰਗੱਦੀ ਨਾ ਬਖ਼ਸ਼ੀ ਤੇ ਕਈ ਸਾਲ ਗੁਰੂ ਤੇਗ ਬਹਾਦਰ ਸਾਹਿਬ ਨੂੰ, ਜੋ ਏਕਾਂਤੀ ਤਪਸਵੀ ਤੇ ਭੋਰਿਆਂ ਦੇ ਨਿਵਾਸੀ ਤੇ ਉਪਰਾਮ ਚਿਤ ਸਨ, ਗੁਰਗੱਦੀ ਤਾਂ ਹੀ ਮਿਲੀ ਜਦ ਉਹ ਜਗਤ ਦੀ ਕਾਰ ਸੇਵਾ ਲਈ ਤਤਪਰ ਹੋਏ ਤੇ ਉਨ੍ਹਾਂ ਨੂੰ 'ਬਾਬਾ ਬਕਾਲੇ' ਦੇ ਵਾਕ ਅਨੁਸਾਰ ਗੱਦੀ ਮਿਲੀ ਤੇ ਭੋਰਿਆਂ ਵਿਚੋਂ ਨਿਕਲ ਕੇ ਉਨ੍ਹਾਂ ਉਹ ਕਾਰ ਕੀਤੀ ਕਿ ਸੀਸ ਦੇ ਕੇ ਦੇਸ਼ ਵਿਚੋਂ ਮੁਗਲ ਰਾਜ ਨੂੰ ਹਿਲਾ ਦਿਤਾ।

੭. ਯੂਨਾਨ ਦਾ ਪ੍ਰਸਿੱਧ ਰਿਸ਼ੀ ਸੁਕਰਾਤ ਰਣਭੂਮੀ ਵਿਚ

ਖੜਾ ਸੀ ਕਿ ਅਚੇਤੇ ਹੀ ਵਿਸਮਾਦੀ ਦਸ਼ਾ ਵਾਪਰੀ। ਖੜਾ ਖੜਾ ਸਮਾਧੀ ਵਿਚ ਲੀਨ ਹੋ ਗਿਆ ਤੇ ਤਿੰਨ ਦਿਨ ਤਿੰਨ ਰਾਤਾਂ ਇਵੇਂ ਹੀ ਲੰਘ ਗਈਆਂ। ਅੰਤਰ-ਆਤਮੇ ਸਮਾਇਆ ਹੋਇਆ ਸੀ, ਆਲੇ ਦੁਆਲੇ ਦੀ ਸੁਰਤ ਨਾ ਸੀ। ਸੁਕਰਾਤ ਦੀ ਨਿਰਭੈਤਾ ਦਾ ਇਹ ਹਾਲ ਸੀ ਕਿ ਉਸ ਨੂੰ ਕੁਰਾਹੀਆ ਹੋਣ ਦੀ ਤੁਹਮਤ ਲਾ ਕੇ ਜਦ ਮੌਤ ਦੀ ਸਜ਼ਾ ਦਿਤੀ ਗਈ ਤੇ ਜਦੋਂ ਦੂਜੀ ਭਲਕ ਨੂੰ ਉਸ ਨੇ ਜ਼ਹਿਰ ਦਾ ਪਿਆਲਾ ਪੀਣਾ ਸੀ, ਉਹ ਘੂਕ ਸੁਤਾ ਪਿਆ ਸੀ। ਉਸ ਦੇ ਚੇਲੇ ਇਸ ਨਿਰਭੈਤਾ ਤੇ ਬੇਪਰਵਾਹੀ ਨੂੰ ਵੇਖ ਡਾਢੇ ਹੈਰਾਨ ਹੋਏ।

੮. ਪਾਲ ਬਰਨਟਨ (Paul Brunton) ਪ੍ਰਸਿੱਧ ਅੰਗਰੇਜ਼, ਜੋ ਜਗਤ ਪ੍ਰਸਿੱਧ ਪੁਸਤਕਾਂ (Quest of the overself, Wisdom of the overself) ਆਦਿ ਦਾ ਕਰਤਾ ਹੈ, ਦਖਣ ਦੇ ਰਾਮਨ ਮਹਾਰਿਸ਼ੀ ਕੋਲ ਕਈ ਮਹੀਨੇ ਟਿਕਿਆ, ਲਿਖਦਾ ਹੈ ਕਿ ਉਹ ਰਾਮਨ ਮਹਾਰਿਸ਼ੀ ਦੇ ਸਾਹਮਣੇ ਫਰਸ਼ ਤੇ ਬੈਠਾ ਸੀ, ਰਿਸ਼ੀ ਨੇ ਨੀਝ ਲਾ ਕੇ ਅੱਖਾਂ ਵਿਚ ਅੱਖਾਂ ਡੋਬ ਦਿਤੀਆਂ ਤੇ 'ਮੇਰੀ ਅੰਤਰ ਆਤਮੇ ਸੁਰਤ ਲਗ ਪਈ ਤੇ ਇਕਮਿਕਤਾ ਦਾ ਅਨੰਦ ਮਾਣਿਆ। ਜਦ ਅੱਖਾਂ ਖੁਲ੍ਹੀਆਂ ਤਾਂ ਨਾਲ ਬੈਠੇ ਸਜਣ ਨੇ ਦਸਿਆ ਕਿ ਮੈਂ ਡੇਢ ਘੰਟਾ ਸਮਾਧੀ ਵਿਚ ਰਿਹਾ।'

ਪਾਲ ਬਰਨਟਨ (Paul Brunton) ਆਪਣੀ ਵਿਸਮਾਦੀ ਦਸ਼ਾ ਬਾਰੇ ਇਉਂ ਲਿਖਦਾ ਹੈ :-

'ਮੇਰੇ ਫੁਰਨੇ ਮੂਲੋਂ ਮੁਕ ਗਏ। ਮੇਰੇ ਇੰਦਰੇ ਮਾਨੋ ਸੌਂ

ਗਏ। ਮੇਰੀਆਂ ਬਿਰਤੀਆਂ, ਮੇਰੇ ਸੰਕਲਪ ਅੰਤਰ-ਆਤਮੇ ਸਮਾ ਗਏ। ਅਫੁਰ ਅਵਸਥਾ ਵਾਪਰੀ। ਮੈਂ ਅੰਦਰੋਂ ਚੇਤਨ ਸਾਂ ਤੇ ਡੂੰਘੀ ਨੀਂਦ ਵਾਲਾ ਅਨੰਦ (ਜਾਗਰਤ ਸੁਸ਼ੁਪਤੀ ਵਾਲਾ ਅਨੰਦ) ਮਾਣ ਰਿਹਾ ਸਾਂ। ਮੈਂ ਸਰਬ-ਵਿਆਪਕ ਚੇਤਨਤਾ (Absolute Consciousness) ਵਿਚ ਲੀਨ ਸਾਂ। ਸਰੀਰ ਤੇ ਮਨ ਦੇ ਬੰਧਨਾਂ ਤੋਂ ਆਜ਼ਾਦ ਸਾਂ। ਸੰਸਾਰ ਮੇਰੇ ਲਈ ਮਾਨੋ ਉਕਾ ਹੈ ਹੀ ਨਾ ਸੀ। ਚਾਨਣ ਦੇ ਸਰਬ ਵਿਆਪਕ ਸਾਗਰ ਵਿਚ ਸਮਾਇਆ ਹੋਇਆ ਸਾਂ ਤੇ ਪ੍ਰਤੀਤ ਹੁੰਦਾ ਸੀ ਕਿ ਬ੍ਰਹਿਮੰਡ ਏਸੇ ਨੂਰ ਦਾ ਸਾਜਿਆ ਹੋਇਆ ਹੈ। ਪੁਲਾੜ (space) ਅਨੰਤ, ਅਥਾਹ, ਬੇਓੜਕ ਸੀ। ਕੋਈ ਚਿੰਤਾ-ਕਾਹੜਾ, ਕੋਈ ਸੋਚ ਨਾ ਸੀ। ਮੇਰਾ ਅਨੰਦ ਅਥਾਹ ਸੀ। ਮੈਂ ਸਮੇਂ-ਕਾਲ ਦੀਆਂ ਹੱਦਾਂ-ਬੰਨਿਆਂ ਤੋਂ ਪਰ੍ਹੇ ਸਾਂ। ਅਨੰਦ-ਰੂਪ ਤੇ ਪ੍ਰੇਮ-ਭਰਪੂਰ ਸਾਂ। ਮੈਂ ਉਸ ਘੜੀ ਆਪਣਾ ਆਪਾ ਪਛਾਣਿਆ।'

ਹਰਿ ਹਰਿ ਨਿਕਟਿ ਵਸੈ
ਸਭ ਜਗ ਕੈ ਅਪਰੰਪਰ ਪੁਰਖੁ ਅਤੋਲੀ॥
ਅਤੇ ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ,
ਤੁਮ ਵਡ ਪੁਰਖ ਵਡੋਲੀ॥

੯. ਪੁਰਤਗਾਲ ਦਾ ਇਕ ਵਸਨੀਕ, ਜਿਸ ਨੂੰ ਰਾਮਨ ਮਹਾਂਰਿਸ਼ੀ ਦੇ ਆਸ਼ਰਮ ਵਾਲੇ ਮੋਨੀ ਸਾਧੂ ਕਹਿੰਦੇ ਸਨ, ਰਾਮਨ ਜੀ ਕੋਲ ਕਈ ਮਹੀਨੇ ਰਿਹਾ। ਉਹ ਲਿਖਦਾ ਹੈ ਕਿ ਉਸ ਨੂੰ ਅਧੀ ਰਾਤ ਵੇਲੇ ਵਿਸਮਾਦੀ ਦਸ਼ਾ ਵਾਪਰੀ ਤੇ ਦੂਜੀ ਭਲਕ ਦੁਪਹਿਰ ਵੇਲੇ ਸਮਾਧੀ ਖੁਲ੍ਹੀ। ਸਮਾਧੀ ਬਾਰਾਂ ਘੰਟੇ ਰਹੀ।

੧੦. ਸੰਤ ਅਤਰ ਸਿੰਘ ਹੋਰਾਂ ਰਾਵਲਪਿੰਡੀ ਦੇ ਜ਼ਿਲ੍ਹੇ ਵਿਚ ਕਲੱਰ, ਕਨੋਹੇ ਤੇ ਕਹੂਟੇ ਰਹਿ ਕੇ ਘੋਰ ਤਪਸਿਆ ਸਾਧੀ, ਉਨ੍ਹਾਂ ਬਾਰੇ ਇਕ ਮਿੱਤਰ ਨੇ ਆਪਣੀ ਅੱਖੀਂ ਵੇਖੀ ਵਿਥਿਆ ਏਸ ਪ੍ਰਕਾਰ ਸੁਣਾਈ :–

ਹੁਨਾਲ ਰੁਤ ਸੀ। ਕੜਾਕੇ ਦੀ ਧੁਪ ਤੇ ਕਹਿਰ ਕਹਾਰ ਦੀ ਗਰਮੀ ਸੀ। ਸੰਤ ਅਤਰ ਸਿੰਘ ਹੋਰੀਂ ਰਾਤ ਵੇਲੇ ਕਲੱਰ ਪਿੰਡ ਦੇ ਲਾਗੇ ਕਾਂਸ਼ੀ ਨਦੀ ਦੇ ਰੇਤੜੇ ਵਿਚ ਸਿਮਰਨ ਲਈ ਬੈਠੇ ਤੇ ਸਮਾਧੀ ਲਗ ਗਈ। ਭਲਕ ਹੋ ਗਈ, ਸੂਰਜ ਨਿਕਲਿਆ, ਧੁਪ ਦੀ ਅੱਗ ਚਮਕੀ। ਦੁਪਹਿਰ ਹੋ ਗਈ– ਸੂਰਜ ਸਿਖਰਾਂ ਤੇ ਸੀ। ਸੰਤ ਜੀ ਸਮਾਧੀ ਵਿਚ ਲੀਨ ਸਨ। ਮਥੇ ਤੋਂ ਮੁੜ੍ਹਕਾ ਛਮਾ-ਛਪ ਚੋ ਰਿਹਾ ਸੀ, ਪਰ ਸੰਤ ਜੀ ਨੂੰ ਸਰੀਰ ਦੀ ਸੁਧ-ਬੁਧ ਨਾ ਸੀ। ਵੇਖਣ ਵਾਲੇ ਬ੍ਰਿਛਾਂ ਦੀ ਓਟ ਵਿਚ ਖਲੋਤੇ ਗਰਮੀ ਨਾਲ ਬੇਹਾਲ ਸਨ, ਪਰ ਸੰਤ ਜੀ ਨੂੰ ਗਰਮੀ ਤੇ ਧੁਪ ਦੀ ਸੋਝੀ ਨਾ ਸੀ। ਫੇਰ ਚਿਰ ਪਿਛੋਂ ਅੱਖਾਂ ਖੁਲ੍ਹੀਆਂ।

ਸੰਤ ਜੀ ਸਦਾ ਨਿਰਲੇਪ ਰਹੇ, ਰੁਪਏ ਪੈਸੇ ਅੰਗੀਕਾਰ ਨਹੀਂ ਕਰਦੇ ਸਨ ਤੇ ਜਿਸ ਨੇ ਭੀ ਉਨ੍ਹਾਂ ਦੀ ਸੰਗਤ ਕੀਤੀ, ਉਹ ਸਦਾ ਆਚਰਨ ਦਾ ਸੁਚਾ ਹੋ ਗਿਆ। ਸੰਤ ਜੀ ਸਦਕਾ ਅਨੇਕਾਂ ਨੇ ਸਿਖੀ ਧਾਰਨ ਕੀਤੀ।

Willam James (ਵਿਲੀਅਮ ਜੇਮਜ਼) ਨੇ ਆਪਣੀ ਪ੍ਰਸਿੱਧ ਪੁਸਤਕ 'Varieties of Religions Experience' ਵਿਚ ਕਈ ਆਦਮੀਆਂ ਦੀ ਵਿਸਮਾਦੀ ਦਸ਼ਾ ਦਾ ਬ੍ਰਿਤਾਂਤ

ਵਰਨਣ ਕੀਤਾ ਹੈ, ਉਨ੍ਹਾਂ ਵਿਚੋਂ ਇਕ ਨੇ ਆਪਣੀ ਵਿਸਮਾਦੀ ਦਸ਼ਾ ਏਸ ਪ੍ਰਕਾਰ ਦਸੀ ਹੈ :-

'ਮੈਂ ਆਪਣੇ ਮਿਤ੍ਰਾਂ ਸਣੇ ਇਕ ਸ਼ਾਮ ਕਵਿਤਾ ਤੇ ਫਿਲਾਸਫੀ ਤੇ ਵਿਚਾਰ ਕਰਦਾ ਰਿਹਾ। ਅਧੀ ਰਾਤ ਨੂੰ ਅਸੀਂ ਇਕ ਦੂਜੇ ਤੋਂ ਨਿਖੜੇ। ਮੈਂ ਇਕ ਟਾਂਗੇ ਵਿਚ ਬੈਠ ਕੇ ਘਰ ਪੁਜਾ। ਮੇਰਾ ਮਨ ਸ਼ਾਮ ਦੀਆਂ ਵਿਚਾਰਾਂ ਸਦਕਾ ਅਤਿ ਸ਼ਾਂਤ ਸੀ। ਅਚਨਚੇਤ ਮੈਂ ਪ੍ਰਤੀਤ ਕੀਤਾ ਕਿ ਮੇਰੇ ਚਾਰ ਚੁਫੇਰੇ ਅੱਗ ਸਮਾਨ ਲਾਲ ਰੰਗ ਲਾਲੋ ਲਾਲ ਪਸਰਿਆ ਹੋਇਆ ਸੀ। ਇਕ ਪਲ ਭੁਲ ਤਾਂ ਮੈਂ ਇਹ ਸਮਝਿਆ ਕਿ ਕਿਤੇ ਨੇੜੇ ਤੇੜੇ ਅੱਗ ਲਗੀ ਹੋਈ ਹੈ, ਪਰ ਝਟ ਹੀ ਮੈਂ ਪ੍ਰਤੀਤ ਕੀਤਾ ਕਿ ਅੱਗ ਤਾਂ ਮੇਰੇ ਆਪਣੇ ਅੰਦਰੋਂ ਹੀ ਹੈ। ਨਾਲ ਹੀ ਅਨੰਦ ਦਾ ਪਰਵਾਹ ਫੁਟ ਪਿਆ। ਅਨੰਦ ਅਕਹਿ ਸੀ ਤੇ ਅੰਦਰ ਦਾ ਚਾਨਣ ਬੇ-ਓੜਕ ਸੀ। ਅੰਦਰੋਂ ਉਹ ਸੋਝੀ ਸੀ–ਜਿਸ ਨੂੰ ਕਥਨ ਕਰਨਾ ਅਸੰਭਵ ਹੈ। ਮੈਂ ਉਸ ਘੜੀ ਨਾ ਕੇਵਲ ਪ੍ਰਤੀਤ ਹੀ ਕੀਤਾ, ਮੈਂ ਪ੍ਰਤਖ ਵੇਖਿਆ ਕਿ ਬ੍ਰਹਿਮੰਡ (ਜਾਗਤ ਜੋਤ) ਜੀਉਂਦੀ ਜਾਗਦੀ ਜੋਤ ਤੇ ਸਰਬ ਵਿਆਪਕ ਜੀਵਨ-ਜੀਅ ਹੈ। ਮੈਂ ਆਪਣੇ ਆਪੇ ਨੂੰ ਅਮਰ ਵੇਖਿਆ। ਮੈਂ ਪ੍ਰਤੀਤ ਕੀਤਾ ਕਿ ਮੈਂ ਅਸਲੋਂ ਅਮਰ ਹਾਂ, ਮੌਤ ਤੋਂ ਪਰੇ ਹਾਂ। ਮੈਂ ਵੇਖਿਆ ਕਿ ਸਭ ਮਨੁਖ ਅਮਰ ਹਨ, ਬ੍ਰਹਿਮੰਡ ਦੀਆਂ ਸਭ ਵਸਤਾਂ ਸਾਰੇ ਬ੍ਰਹਿਮੰਡ ਦੇ ਭਲੇ ਲਈ ਰਲ-ਮਿਲ ਕੇ ਕਾਰ ਕਰ ਰਹੀਆਂ ਹਨ। ਹਰ ਥਾਂ ਪ੍ਰੇਮ ਹੀ ਪ੍ਰੇਮ ਵਰਤਮਾਨ ਹੈ ਤੇ ਇਹ ਪ੍ਰਤੀਤ ਹੋਇਆ ਕਿ ਅੰਤ ਵਿਚ ਸਭ ਨੇ ਪੂਰਨ ਅਨੰਦ ਪਰਾਪਤ

ਕਰਨਾ ਹੈ। ਇਹ ਦਸ਼ਾ ਕੁਝ ਸਕਿੰਟ ਹੀ ਰਹੀ, ਪਰ ਇਸ ਦੀ ਯਾਦ ੨੫ ਸਾਲਾਂ ਮਗਰੋਂ ਵੀ ਦਿਲ ਤੇ ਚਿਤ੍ਰੀ ਪਈ ਹੈ। ਮੈਨੂੰ ਉਹ ਦਸ਼ਾ, ਉਹ ਦ੍ਰਿਸ਼ ਕਦਾਚਿਤ ਭੁਲ ਨਹੀਂ ਸਕਦਾ। ਮੈਂ ਉਸ ਦਸ਼ਾ ਵਿਚ ਪ੍ਰਤੀਤ ਕੀਤਾ ਸੀ ਕਿ ਮੈਂ ਸਵੱਰਗੀ ਅਨੰਦ ਭੋਗ ਰਿਹਾ ਹਾਂ। ਅਨੰਦ ਤੇ ਸ਼ਾਂਤੀ ਦਾ ਕੋਈ ਹੱਦ-ਬੰਨ੍ਹਾ ਨਾ ਸੀ।

੧੨. ਡਾ. ਰਾਧਾ ਕ੍ਰਿਸ਼ਨਨ, ਭਾਰਤ ਦੇ ਰਾਸ਼ਟਰਪਤੀ ਨੇ ਆਪਣੀਆਂ ਕਈ ਪੁਸਤਕਾਂ ਵਿਚ ਵਿਸਮਾਦੀ ਦਸ਼ਾ ਨੂੰ Direct Experience of God (ਅਕਾਲ ਪੁਰਖ ਨਾਲ ਇਕਮਿਕਤਾ) ਕਿਹਾ ਹੈ ਤੇ ਉਨ੍ਹਾਂ ਆਪਣੀ ਪੁਸਤਕ 'Religion and Society' ਵਿਚ ਲਿਖਿਆ ਹੈ ਕਿ ਉਸ ਅਵਸਥਾ ਵਿਚ ਅਕਹਿ ਅਨੰਦ ਪ੍ਰਤੀਤ ਹੁੰਦਾ ਹੈ, ਅਸੀਂ ਅਕਾਲ ਪੁਰਖ ਵਿਚ ਸਮਾਏ ਹੋਈਦਾ ਹੈ, ਕੋਈ ਫੁਰਨਾ ਨਹੀਂ ਹੁੰਦਾ, ਹਉਮੈ ਰਹਿਤ ਦਸ਼ਾ ਹੁੰਦੀ ਹੈ, ਪੂਰਨ ਸ਼ਾਂਤੀ ਤੇ ਅਨੰਦ ਪਰਾਪਤ ਹੁੰਦਾ ਹੈ। ਅਸੀਂ ਅੰਦਰੋਂ ਨੂਰੋ ਨੂਰ ਹੋਈਦਾ ਹੈ ਤੇ ਪ੍ਰਤੀਤ ਹੁੰਦਾ ਹੈ ਕਿ ਇਕੋ ਅਕਾਲ ਪੁਰਖ ਪਸਰਿਆ ਹੋਇਆ ਹੈ ਤੇ ਵੇਖੀਦਾ ਹੈ ਕਿ ਸਾਰਾ ਬ੍ਰਹਿਮੰਡ ਇਕੋ ਸਰੀਰ ਹੈ ਤੇ ਸਾਥੋਂ ਉਕਾ ਵਖ ਨਹੀਂ, ਇਕੋ ਸਰੀਰ ਦੇ ਅੰਗ ਹਾਂ। ਇਸ ਵਿਸਮਾਦੀ ਦਸ਼ਾ ਬਿਨਾਂ ਜੀਵਨ ਫਿਕਾ, ਬੇਰਸ ਹੈ। (**Religion and Society** ਸਫਾ 44-45)।

੧੩. **Doctor Bucke** ਨੇ ਆਪਣੀ ਪੁਸਤਕ 'Cosmic Consciousness' (ਬ੍ਰਹਿਮੰਡਕ ਚੇਤਨਤਾ) ਵਿਚ ਕੈਨੇਡਾ

ਦੇ ਇਕ ਵਸਨੀਕ ਦੀ ਵਿਸਮਾਦੀ ਦਸ਼ਾ ਨੂੰ ਇਉਂ ਚਿਤ੍ਰਿਆ ਹੈ :-

'ਮੈਂ ਸ਼ਾਮ ਤੋਂ ਲੈ ਕੇ ਰਾਤ ਤੀਕ ਸ਼ੈਲੇ, ਕੀਟਸ, ਬ੍ਰਾਊਨਿੰਗ, ਕਵੀਆਂ ਦੀਆਂ ਰਚਨਾਵਾਂ ਪੜ੍ਹਦਾ ਰਿਹਾ ਸੀ ਤੇ ਬੜਾ ਸ਼ਾਂਤ ਭਰਪੂਰ ਸਾਂ। ਅਚਨਚੇਤ ਬਿਨਾਂ ਚਿਤ ਚੇਤੇ ਅੱਗ ਦੇ ਲਾਂਬੇ ਦੇ ਰੰਗ ਵਾਲੇ ਬਦਲ ਨੇ ਮੈਨੂੰ ਚਾਰ ਚੁਫੇਰਿਓਂ ਢਕ ਲਿਆ। ਮੈਂ ਸਮਝਿਆ ਸ਼ਹਿਰ ਨੂੰ ਅੱਗ ਲਗੀ ਹੈ। ਫਿਰ ਮੈਨੂੰ ਪਤਾ ਲਗਾ ਕਿ ਮੇਰੇ ਅੰਦਰੋਂ ਹੀ ਚਾਨਣ ਹੋ ਰਿਹਾ ਹੈ। ਨਾਲ ਹੀ ਮੇਰੇ ਅੰਦਰ ਬੇਓੜਕ ਅਨੰਦ ਦਾ ਪ੍ਰਵਾਹ ਵਗ ਤੁਰਿਆ ਤੇ ਅੰਦਰੋਂ ਉਹ ਚਾਨਣ, ਚੇਤਨਤਾ ਤੇ ਸੋਝੀ ਪਰਾਪਤ ਹੋਈ, ਜੋ ਕਥਨ ਤੋਂ ਬਹਰ ਹੈ। ਮੈਨੂੰ ਸਾਰੇ ਬ੍ਰਹਿਮੰਡ ਦਾ ਚਮਤਕਾਰ ਦਿਸਿਆ। ਮੇਰਾ ਹਿਰਦਾ ਅਨੰਦ ਨਾਲ ਨਕੋ-ਨਕ ਭਰਿਆ ਸੀ। ਮੈਂ ਅਰਸ਼ੀ ਅਨੰਦ ਮਾਣਿਆ। ਮੈਂ ਵੇਖ ਲਿਆ ਕਿ ਬ੍ਰਹਿਮੰਡ ਨਿਰਜਿੰਦ ਜੜ੍ਹ-ਵਸਤੂ ਨਹੀਂ, ਸਗੋਂ ਜਾਗਦੀ ਜੋਤ ਹੈ, ਤੇ ਆਤਮਾ ਅਮਰ ਹੈ। ਬ੍ਰਹਿਮੰਡ ਦੀ ਸਾਜਨਾ ਇਸ ਪ੍ਰਕਾਰ ਦਿਸੀ ਕਿ ਬ੍ਰਹਿਮੰਡ ਦੀਆਂ ਸਭ ਵਸਤਾਂ ਰਲ ਮਿਲ ਕੇ ਇਕ ਦੂਜੇ ਦੇ ਭਲੇ ਲਈ ਕਾਰ ਕਰ ਰਹੀਆਂ ਹਨ ਤੇ ਪ੍ਰੇਮ, ਕੇਵਲ ਪ੍ਰੇਮ ਹੀ ਬ੍ਰਹਿਮੰਡ ਦੀ ਨੀਂਹ ਹੈ ਤੇ ਇਹ ਭੀ ਡਿਠਾ ਕਿ ਸਾਡੇ ਵਿਚੋਂ ਹਰ ਕਿਸੇ ਦਾ ਅੰਤ ਅਨੰਦ ਭਰਪੂਰ ਹੈ, ਮੈਂ ਪਲ ਝਲ ਵਿਚ ਉਹ ਕੁਝ ਜਾਣਿਆ ਜੋ ਪੁਸਤਕਾਂ ਜਾਣ ਨਹੀਂ ਸਕਦੀਆਂ।' (ਸਫਾ ੧੫੫-੫੬—Kennet Walker ਦੀ ਪੁਸਤਕ 'Diagnosis of Man')

੧੪. ਕੋਈ ੨੦੦੦ ਸਾਲ ਹੋਏ ਯੂਨਾਨੀ ਦੇ ਸੋਚਵਾਨ (Plotinus) ਪਲਾਟੀਨਸ ਨੇ ਵਿਸਮਾਦੀ ਦਸ਼ਾ ਬਾਰੇ ਲਿਖਿਆ:-

ਮੇਰੇ ਤੇ ਵਿਸਮਾਦੀ ਦਸ਼ਾ ਤਿੰਨ ਵਾਰ ਵਾਪਰੀ ... ਅਸੀਂ ਅਕਾਲ ਪੁਰਖ ਨੂੰ ਅਨੁਭਵ ਦਵਾਰਾ ਹੀ ਵੇਖ ਤੇ ਜਾਣ ਸਕਦੇ ਹਾਂ, ਬੁਧੀ ਦੁਆਰਾ ਨਹੀਂ। ਇਹ ਗੱਲ ਵਿਸਮਾਦੀ ਦਸ਼ਾ ਵਿਚ ਹੀ ਹੋ ਸਕਦੀ ਹੈ, ਜਦ ਮਨ ਅੰਤਰ-ਆਤਮੇ ਲੀਨ ਹੁੰਦਾ ਹੈ। ਇਹ ਵਿਸਮਾਦੀ ਦਸ਼ਾ ਕਦੀ ਕਦਾਈਂ ਵਾਪਰਦੀ ਹੈ ਤੇ ਇਸ ਦਸ਼ਾ ਦੀ ਪ੍ਰਾਪਤੀ ਲਈ ਸ਼ੁਧ ਹਿਰਦਾ ਅਤਿ ਜ਼ਰੂਰੀ ਹੈ।

੧੫. Walt Whitman (ਵਾਲਟ ਵਿਟਮੈਨ) ਅਮਰੀਕਾ ਦਾ ਪ੍ਰਸਿੱਧ ਕਵੀ ਤੇ 'Leaves of Grass' ਦੀ ਜਗਤ ਪ੍ਰਸਿੱਧ ਪੁਸਤਕ ਦਾ ਕਰਤਾ ਕਹਿੰਦਾ ਹੈ—'ਜਦ ਮੇਰੇ ਤੇ ਵਿਸਮਾਦੀ ਦਸ਼ਾ ਵਾਪਰੀ, ਸ਼ਾਂਤੀ, ਅਨੰਦ ਤੇ ਗਿਆਨ ਦਾ ਪ੍ਰਵਾਹ ਚਲਿਆ, ਜੋ ਅਕਥ ਤੇ ਅਕਹਿ ਹੈ।'

੧੬. ਪਾਤੰਜਲ ਰਿਸ਼ੀ ਕਹਿੰਦਾ ਹੈ ਕਿ ਇਕਮਿਕਤਾ ਦੀ ਦਸ਼ਾ ਤਾਂ ਹੀ ਵਾਪਰਦੀ ਹੈ, ਜਦ ਮਨ ਸ਼ਾਂਤ ਹੋ ਜਾਏ, ਕੋਈ ਫੁਰਨਾ ਨਾ ਫੁਰੇ। ਵਿਸਮਾਦੀ ਦਸ਼ਾ ਪਹਿਲੇ ਤਾਂ ਕਦੀ-ਕਦਾਈਂ ਵਾਪਰਦੀ ਹੈ, ਪਰ ਅਭਿਆਸ ਦੁਆਰਾ 'ਸਹਿਜ' ਅਵਸਥਾ ਹੋ ਸਕਦੀ ਹੈ। ਸਤਿਗੁਰਾਂ ਨਾਮ-ਸਿਮਰਨ ਨੂੰ ਮੁਖ ਰਖਿਆ ਹੈ, ਤੇ ਦਸਿਆ ਹੈ ਕਿ ਨਾਮ ਦਾ ਅਭਿਆਸ ਤੇ ਵਿਸਮਾਦੀ ਦਸ਼ਾ ਅਕਾਲ ਪੁਰਖ ਦੀ ਮਿਹਰ ਨਾਲ ਹੀ ਹੋ ਸਕਦੀ ਹੈ ਤੇ ਉਸ

ਦੀ ਮਿਹਰ ਨਾਲ ਹੀ ਸਦਾ ਰਹਿਣ ਵਾਲੀ 'ਸਹਿਜ' ਅਵਸਥਾ ਦੀ ਦਾਤ ਪ੍ਰਾਪਤ ਹੁੰਦੀ ਹੈ।

੧੭. 'St. John of the Cross' ਇਕ ਈਸਾਈ ਮਹਾਂਪੁਰਖ ਲਿਖਦਾ ਹੈ :-

'ਵਿਸਮਾਦੀ ਦਸ਼ਾ ਵਿਚ ਮੈਂ ਉਹ ਕੁਝ ਵੇਖਿਆ ਜੋ ਸਾਇੰਸ ਨਹੀਂ ਜਾਣਦੀ। ਮੇਰੇ ਅੰਦਰ ਪੂਰਨ ਸ਼ਾਂਤੀ ਤੇ ਅਨੰਦ ਸੀ। ਮੇਰੇ ਅੰਦਰ ਪੂਰਨ ਗਿਆਨ ਦਾ ਪ੍ਰਕਾਸ਼ ਸੀ। ਮੇਰਾ ਅਨੰਦ ਬੇ-ਓੜਕ ਸੀ। ਮੇਰੇ ਅੰਦਰ ਗਿਆਨ ਪ੍ਰਚੰਡ ਸੀ ਤੇ ਮੈਂ ਉਹ ਗੱਲਾਂ ਸਮਝਦਾ ਸਾਂ ਜੋ ਸਾਇੰਸ ਤੋਂ ਪਰ੍ਹੇ ਹਨ। ਮੇਰਾ ਆਪਾ ਕੋਈ ਨਾ ਸੀ ਤੇ ਮੈਂ ਸਰਬ ਸ਼ਕਤੀਮਾਨ ਨਾਲ ਇਕਮਿਕ ਸਾਂ।'

(p 234, 'Diagnosis of Man')

੧੮. ਗੁਰੂ ਨਾਨਕ ਸਾਹਿਬ ਨੇ 'ਉਨਮਨਿ' (State of Super, Consciousness) ਅਰਥਾਤ ਵਿਸਮਾਦੀ ਦਸ਼ਾ ਦਾ ਕਥਨ ਇਸ ਪ੍ਰਕਾਰ ਕੀਤਾ ਹੈ :-

ਉਨਮਨਿ ਸੁੰਨੁ ਸੁੰਨੁ ਸਭ ਕਹੀਐ।
ਉਨਮਨਿ ਹਰਖ ਸੋਗ ਨਹੀਂ ਰਹੀਐ॥
ਉਨਮਨਿ ਆਸ ਅੰਦੇਸਾ ਨਹੀਂ ਬਿਆਪਤ।
ਉਨਮਨਿ ਵਰਨ ਚਿਹਨੁ ਨਹੀਂ ਜਾਪਤ॥
ਉਨਮਨਿ ਕਥਾ ਕਿਰਤਿ ਨਹੀਂ ਬਾਨੀ।
ਉਨਮਨਿ ਹਰਤ ਸੁੰਨ ਧਿਆਨੀ॥
ਉਨਮਨਿ ਅਪੁਨਾ ਆਪੁ ਨ ਜਾਨਿਆ।
ਨਾਨਕ ਉਨਮਨਿ ਸਿਉ ਮਨੁ ਮਾਨਿਆ॥

ਉਨਮਨਿ ਮਾਤ ਪਿਤਾ ਨਹੀ ਕੋਈ।
ਉਨਮਨਿ ਸੁਰਤਿ ਸੁਧਿ ਨਹੀ ਲੋਈ॥
ਉਨਮਨਿ ਮਾਇਆ ਮਮਤਾ ਨ ਹੋਤੀ।
ਉਨਮਨਿ ਸੁੰਨ ਦੇਹੁਰੀ ਨਹੀ ਹੋਤੀ॥
ਉਨਮਨਿ ਗਿਆਨ ਧਿਆਨ ਨ ਬੀਚਾਰੇ।
ਉਨਮਨਿ ਮੁਕਤਿ ਬੈਕੁੰਠ ਨ ਉਤਾਰੇ॥
ਉਨਮਨਿ ਭਾਉ ਭਗਤਿ ਨਹੀ ਕਾਈ।
ਨਾਨਕ ਉਨਮਨਿ ਸਿਉ ਉਨਹੂੰ ਬਨਿ ਆਈ॥

ਗੁਰੂ ਨਾਨਕ ਸਾਹਿਬ ਨੇ ਵਿਸਮਾਦੀ ਦਸ਼ਾ ਦਾ ਕਥਨ ਵਿਸਥਾਰ ਪੂਰਵਕ ਕੀਤਾ ਹੈ ਤੇ ਦਸਿਆ ਹੈ ਕਿ ਇਸ ਦਸ਼ਾ ਵਿਚ ਅਕਾਲ ਪੁਰਖ ਨਾਲ ਇਕਮਿਕਤਾ ਹੁੰਦੀ ਹੈ, ਇਸ ਲਈ ਨਾ ਹਰਖ ਨਾ ਸੋਗ, ਨਾ ਕੋਈ ਆਸਾਂ, ਨਾ ਅੰਦੇਸ਼ੇ, ਤੌਖਲੇ, ਨਾ ਰੂਪ-ਰੇਖ-ਆਕਾਰ ਵਾਲੇ ਜਗ ਦੀ ਸੁਰਤ, ਨਾ ਕਿਸੇ ਕਾਰ-ਵਿਹਾਰ ਦਾ ਫੁਰਨਾ, ਨਾ ਸਰੀਰ ਦਾ ਖ਼ਿਆਲ, ਨਾ ਜਗ ਦੇ ਕਿਸੇ ਬੰਧਨ ਦਾ ਜੰਜਾਲ, ਨਾ ਜਗ ਦੀ ਕਿਸੇ ਗਲ ਦੀਆਂ ਸੋਚਾਂ, ਨਾ ਮਾਇਆ ਦੇ ਨਾ ਮੇਰ-ਤੇਰ (ਮਮਤਾ) ਦੇ ਬੰਧਨ, ਨਾ ਮੁਕਤੀ ਤੇ ਬੈਕੁੰਠ ਦਾ ਖ਼ਿਆਲ, ਫੁਰਨੇ-ਰਹਿਤ ਇਕਮਿਕਤਾ ਦੀ ਦਸ਼ਾ ਹੈ, ਜਦ ਮਨ ਅੰਤਰ-ਆਤਮੇ ਸਮਾਇਆ ਅਕਾਲ ਪੁਰਖ ਵਾਲੀ ਸ਼ਾਂਤ ਤੇ ਅਨੰਦ ਮਾਣਦਾ ਸੁੰਨ-ਸਮਾਧੀ ਦੀ ਅਵਸਥਾ ਵਿਚ ਪ੍ਰਭੂ ਨਾਲ ਇਕਮਿਕ ਹੁੰਦਾ ਹੈ।

ਫਿਰ ਗੁਰੂ ਨਾਨਕ ਸਾਹਿਬ ਨੇ ਵਿਸਮਾਦੀ ਦਸ਼ਾ ਨੂੰ ਜਪੁ ਸਾਹਿਬ ਵਿਚ ਇਸ ਪ੍ਰਕਾਰ ਕਥਿਆ ਹੈ :-

ਸਚ ਖੰਡਿ ਵਸੈ ਨਿਰੰਕਾਰੁ।
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥ ਖੰਡ ਮੰਡਲ ਵਰਭੰਡ।
ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ।
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ।
ਨਾਨਕ ਕਥਨਾ ਕਰੜਾ ਸਾਰੁ॥

ਅਰਥਾਤ : ਸਚਖੰਡ ਵਾਲੀ ਵਿਸਮਾਦੀ ਇਕਮਿਕਤਾ ਦੀ ਦਸ਼ਾ ਵਿਚ ਮਨੁਖ ਅੰਦਰ ਅਕਾਲ ਪੁਰਖ ਆਪ ਹੀ ਵਸਦਾ ਹੈ, ਇਕਮਿਕਤਾ ਦੀ ਅਵਸਥਾ ਹੁੰਦੀ ਹੈ, ਸਭ ਨੂੰ ਅਕਾਲ ਪੁਰਖ ਆਪਣੀ ਮਿਹਰ ਨਾਲ ਨਿਹਾਲੋ-ਨਿਹਾਲ ਕਰਦਾ ਹੈ। ਮਨੁਖ ਨੂੰ ਬੇਅੰਤ ਖੰਡ, ਬੇਅੰਤ ਮੰਡਲ, ਬੇਅੰਤ ਬ੍ਰਹਿਮੰਡ ਦਿਸਦੇ ਨੇ, ਬੇਅੰਤ ਭਵਨ, ਬੇਅੰਤ ਲੋਕ ਦਿਸਦੇ ਹਨ ਤੇ ਉਨ੍ਹਾਂ ਸਭਨਾਂ ਵਿਚ ਅਕਾਲ ਪੁਰਖ ਦੀ ਰਜ਼ਾ (ਹੁਕਮ) ਵਰਤਦੀ ਦਿਸਦੀ ਹੈ, ਅਕਾਲ ਪੁਰਖ ਸਭ ਜੀਵਾਂ ਨੂੰ ਪਾਲਦਾ ਹੈ ਤੇ ਅਨੰਦ-ਰੂਪ ਹੈ, ਅਨੰਦ ਹੀ ਅਨੰਦ ਹੈ। ਇਹ ਅਵਸਥਾ ਕਥਨ ਨਹੀਂ ਹੋ ਸਕਦੀ, ਅਨੁਭਵ ਹੀ ਕੀਤੀ ਜਾ ਸਕਦੀ ਹੈ।

ਸਤਿਗੁਰਾਂ ਇਸ ਵਿਸਮਾਦੀ ਦਸ਼ਾ ਨੂੰ ਗੂੰਗੇ ਕੀ ਮਠਿਆਈ ਕਿਹਾ ਹੈ—ਜਿਸ ਦਾ ਅਨੰਦ ਅਕਹਿ, ਅਕਥ ਹੈ।

੧੯. ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿਚ ਵਿਸਮਾਦੀ ਦਸ਼ਾ ਨੂੰ ਇਸ ਪ੍ਰਕਾਰ ਕਥਿਆ ਹੈ :-

ਸੰਤਸੰਗਿ ਅੰਤਰਿ ਪ੍ਰਭੁ ਡੀਠਾ।
ਨਾਮੁ ਪ੍ਰਭੂ ਕਾ ਲਾਗਾ ਮੀਠਾ॥
ਸਗਲ ਸਮਿਗ੍ਰੀ ਏਕਸੁ ਘਟਿ ਮਾਹਿ।
ਅਨਿਕ ਰੰਗ ਨਾਨਾ ਦ੍ਰਿਸਟਾਹਿ॥
ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ।
ਦੇਹੀ ਮਹਿ ਇਸ ਕਾ ਬਿਸ੍ਰਾਮ॥
ਸੁੰਨ ਸਮਾਧਿ ਅਨਹਤ ਤਹ ਨਾਦ।
ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ।
ਨਾਨਕ ਤਿਸੁ ਜਨਿ ਸੋਝੀ ਪਾਏ॥
ਸੋ ਅੰਤਰਿ ਸੋ ਬਾਹਰਿ ਅਨੰਤ।
ਘਟਿ ਘਟਿ ਬਿਆਪਿ ਰਹਿਆ ਭਗਵੰਤ॥
ਧਰਨਿ ਮਾਹਿ ਆਕਾਸ ਪਇਆਲ।
ਸਰਬ ਲੋਕ ਪੂਰਨ ਪ੍ਰਤਿਪਾਲ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ।
ਜੈਸੀ ਆਗਿਆ ਤੈਸਾ ਕਰਮੁ॥
ਪਉਣ ਪਾਣੀ ਬੈਸੰਤਰ ਮਾਹਿ।
ਚਾਰਿ ਕੁੰਟ ਦਹਿ ਦਿਸੇ ਸਮਾਹਿ॥
ਤਿਸ ਤੇ ਭਿੰਨ ਨਹੀ ਕੋ ਠਾਉ।
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ॥
ਬੇਦ ਪੁਰਾਨ ਸਿਮ੍ਰਿਤਿ ਮਹਿ ਦੇਖੁ।
ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ॥

ਬਾਣੀ ਪ੍ਰਭੁ ਕੀ ਸਭੁ ਕੋ ਬੋਲੈ।
ਆਪਿ ਅਡੋਲੁ ਨ ਕਬਹੂ ਡੋਲੈ॥
ਸਰਬ ਕਲ ਕਰਿ ਖੇਲੈ ਖੇਲ।
ਮੋਲਿ ਨ ਪਾਈਐ ਗੁਣਹ ਅਮੋਲ॥
ਸਰਬ ਜੋਤਿ ਮਹਿ ਜਾ ਕੀ ਜੋਤਿ।
ਧਾਰਿ ਰਹਿਓ ਸੁਆਮੀ ਓਤਿ ਪੋਤਿ॥

.....

ਸਰਬ ਭੂਤ ਆਪਿ ਵਰਤਾਰਾ।
ਸਰਬ ਨੈਨ ਆਪਿ ਪੇਖਨਹਾਰਾ॥
ਸਗਲ ਸਮਗ੍ਰੀ ਜਾ ਕਾ ਤਨਾ।
ਆਪ ਜਸੁ ਆਪ ਹੀ ਸੁਨਾ॥

ਸਤਿਗੁਰਾਂ ਵਿਸਮਾਦੀ ਇਕਮਿਕਤਾ ਦੀ ਦਸ਼ਾ ਵਿਚ ਆਖਿਆ ਕਿ :

੧. ਅਕਾਲ ਪੁਰਖ ਡਾਢਾ ਮਿਠਾ ਹੈ
(ਫਰੀਦਾ ਸਕਰ, ਖੰਡੁ ਨਿਵਾਤ, ਗੁੜ, ਮਾਖਿਉ ਮਾਝਾ ਦੁਧੁ।
ਸਭੇ ਵਸਤੂ ਮਿਠੀਆਂ ਰਸ ਨ ਪੁਜਨਿ ਤੁਧੁ'॥)

੨. ਸਾਰੀ ਸ੍ਰਿਸ਼ਟੀ ਬੇਅੰਤ ਅਕਾਲ ਪੁਰਖ ਦੇ ਅੰਦਰ ਵਸ ਰਹੀ ਹੈ।

੩. ਸ੍ਰਿਸ਼ਟੀ ਦੇ ਅਨੇਕ ਅਣਗਿਣਤ ਰੰਗ-ਰੂਪ ਅਕਾਲ ਪੁਰਖ ਨੇ ਆਪ ਹੀ ਧਾਰੇ ਹਨ।
(ਨਾਮ ਕੇ ਧਾਰੇ ਸਗਲ ਜੰਤ ... ਆਦਿ)

੪. ਅਕਾਲ ਪੁਰਖ ਸਾਡੇ ਅੰਦਰ ਹੈ ਤੇ ਅੰਮਰਤ-ਮਈ ਹੈ।

੫. ਅਚਰਜ ਵਿਸਮਾਦੀ ਦਸ਼ਾ ਕਥੀ ਨਹੀਂ ਜਾ ਸਕਦੀ, ਕੇਵਲ ਅਨੁਭਵ ਹੋ ਸਕਦੀ ਹੈ।

੬. ਸਾਡੇ ਅੰਦਰ, ਬਾਹਰ, ਘਟ ਘਟ ਵਿਚ ਅਕਾਲ ਪੁਰਖ ਹੀ ਹੈ।

'ਮਨਿ ਸਾਚਾ, ਮੁਖਿ ਸਾਚਾ ਸੋਇ।
ਅਵਰੁ ਨ ਪੇਖੈ ਏਕਸੁ ਬਿਨੁ ਕੋਇ।
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥'

੭. ਹਰੀ ਧਰਤੀ ਅੰਦਰ ਬਾਹਰ, ਅਕਾਸ਼ਾਂ, ਪਤਾਲਾਂ ਵਿਚ ਵਸਿਆ ਹੈ ਤੇ ਸਭ ਦੀ ਪ੍ਰਿਤਪਾਲਨਾ ਕਰਦਾ ਹੈ।

੮. ਹਰੀ ਬਨਾਂ ਵਿਚ, ਬਿਰਛਾਂ ਵਿਚ, ਘਾਹ ਵਿਚ, ਪਰਬਤਾਂ ਵਿਚ, ਹਰ ਵਸਤੂ ਵਿਚ ਸਮਾਇਆ ਹੈ ਤੇ ਕਾਰ ਕਰ ਰਿਹਾ ਹੈ, ਸਭ ਸ੍ਰਿਸ਼ਟੀ ਉਸ ਦੇ ਹੁਕਮ ਅੰਦਰ ਚਲ ਰਹੀ ਹੈ।

੯. ਅਕਾਲ ਪੁਰਖ ਪੌਣ, ਪਾਣੀ, ਅਗਨੀ ਵਿਚ ਵਸਿਆ ਕਾਰ ਕਰ ਰਿਹਾ ਹੈ।

੧੦. ਹਰੀ ਸੂਰਜਾਂ, ਚੰਦਰਮਾ, ਤਾਰਾ ਮੰਡਲਾਂ ਵਿਚ ਵਸਿਆ ਕਾਰ ਕਰ ਰਿਹਾ ਹੈ।

੧੧. ਹਰੀ ਸਭ ਜੋਤਾਂ, ਸਭ ਚਾਨਣ, ਸਗਲੇ ਸੂਰਜਾਂ ਦਾ ਚਾਨਣ ਹੈ।

੧੨. ਸਭ ਵਸਤਾਂ ਵਿਚ, ਸਭ ਸਰੀਰਾਂ ਵਿਚ ਹਰੀ ਆਪ ਹੀ ਹੈ ('ਜੋ ਦੀਸੈ ਸੋ ਤੇਰਾ ਰੂਪੁ॥')

੧੩. ਸਭ ਨੇਤ੍ਰਾਂ ਵਿਚੋਂ ਵੇਖਣ ਵਾਲਾ ਅਕਾਲ ਪੁਰਖ ਹੈ। ਸਤਿਗੁਰਾਂ ਇਹ ਅਨੁਭਵੀ ਗਿਆਨ ਇਕਮਿਕਤਾ ਦੀ

ਵਿਸਮਾਦੀ ਦਸ਼ਾ ਵਿਚ ਪ੍ਰਾਪਤ ਕੀਤਾ। ਗੁਰੂ ਨਾਨਕ ਸਾਹਿਬ ਨੇ ਅਨੁਭਵ ਦੁਆਰਾ ਹੀ ਵੇਖਿਆ ਕਿ ਲਖਾਂ ਅਕਾਸ਼, ਲਖਾਂ ਪਾਤਾਲ ਹਨ, ਕੋਟ ਬ੍ਰਹਿਮੰਡ ਹਨ, ਕਰੋੜਾਂ ਸੂਰਜ ਹਨ, ਨਹੀਂ ਤਾਂ ਉਨ੍ਹਾਂ ਕੋਲ ਕਿਹੜੀਆਂ ਦੂਰਬੀਨਾਂ ਸਨ ?

੧੮. ਦਸਮੇਸ਼ ਜੀ ਨੇ 'ਬਚਿਤ੍ਰ ਨਾਟਕ' ਵਿਚ ਇਕ-ਮਿਕਤਾ ਦੀ ਵਿਸਮਾਦੀ ਦਸ਼ਾ ਨੂੰ ਸੰਕੋਚਵੇਂ ਅਖਰਾਂ ਵਿਚ ਇਉਂ ਕਥਿਆ :-

'ਹੇਮ ਕੁੰਟ ਪਰਬਤ ਹੈ ਜਹਾਂ। ...
ਪੰਡ ਰਾਜ ਜਿਹ ਜੋਗ ਕਮਾਵਾ।
ਤਹ ਹਮ ਅਧਿਕ ਤਪਸਿਆ ਸਾਧੀ।
ਮਹਾਂ ਕਾਲ ਕਾਲਕਾ ਅਰਾਧੀ।
ਇਹ ਬਿਧਿ ਕਰਤ ਤਪਸਿਆ ਭਯੋ।
ਦਵੈ ਤੇ ਏਕ ਰੂਪ ਹਵੈ ਗਯੋ।

ਅਰਥਾਤ : ਫੇਰ ਸਮਾਂ ਇਕਮਿਕਤਾ ਦੀ ਵਿਸਮਾਦੀ ਸਮਾਧੀ ਵਿਚ ਲੀਨ ਹੋਏ ਰਹੇ।

੧੯. ਸਿੱਖੀ ਦਾ ਸਿਖਰ ਹੈ—ਅਕਾਲ ਪੁਰਖ ਨਾਲ ਇਕਮਿਕਤਾ ! ਸਤਿਗੁਰਾਂ ਇਸ ਇਕਮਿਕਤਾ ਦੀ ਦਸ਼ਾ ਨੂੰ 'ਗੂੰਗੇ ਕੀ ਮਠਿਆਈ' ਕਿਹਾ ਹੈ। ਭਗਤ ਨਾਮਦੇਵ ਜੀ ਨੇ ਇਸ ਅਵਸਥਾ ਨੂੰ ਇਸ ਪ੍ਰਕਾਰ ਕਥਨ ਕੀਤਾ ਹੈ :

'ਜਹ ਝਿਲਿ ਮਿਲਿ ਕਾਰੁ ਦਿਸੰਤਾ।
ਤਹ ਅਨਹਦ ਸਬਦ ਬਜੰਤਾ।
ਜੋਤੀ ਜੋਤਿ ਸਮਾਨੀ।

ਮੈ ਗੁਰ ਪਰਸਾਦੀ ਜਾਨੀ॥
ਰਤਨ ਕਮਲ ਕੋਠਰੀ।
ਚਮਕਾਰ ਬੀਜੁਲ ਤਹੀ।
ਨੇਰੈ ਨਾਹੀ ਦੂਰਿ।
ਨਿਜ ਆਤਮੈ ਰਹਿਆ ਭਰਪੂਰਿ॥
ਜਹ ਅਨਹਤ ਸੂਰ ਉਜਾਰਾ।
ਤਹ ਦੀਪਕ ਜਲੈ ਛੰਛਾਰਾ॥
ਗੁਰ ਪਰਸਾਦੀ ਜਾਨਿਆ।
ਜਨ ਨਾਮਾਂ ਸਹਜ ਸਮਾਨਿਆ॥'

ਅਤੇ

'ਅਣਮੜਿਆ ਮੰਦਲੁ ਬਾਜੈ।
ਬਿਨੁ ਸਾਵਣ ਘਨਹਰੁ ਗਾਜੈ॥
ਬਾਦਲ ਬਿਨੁ ਬਰਖਾ ਹੋਈ।
ਜਉ ਤਤੁ ਬੀਚਾਰੈ ਕੋਈ॥'

੨੦. ਭਗਤ ਰਵਿਦਾਸ ਜੀ ਨੇ ਇਕਮਿਕਤਾ ਦੀ ਹਾਲਤ ਨੂੰ ਇੰਝ ਦਰਸਾਇਆ ਹੈ :-

ਜਬ ਹਮ ਹੋਤੇ ਤਬ ਤੂ ਨਾਹੀ। ਅਬ ਤੂਹੀ ਮੈ ਨਾਹੀ॥
ਅਨਲ ਅਗਮ ਜੈਸੇ ਲਹਿਰ ਮਹਿ ਓਦਧਿ
ਜਲ ਕੇਵਲ ਜਲ ਮਾਹੀ॥

ਕੁਝ ਸਾਲ ਹੋਏ ਲੇਖਕ ਨੇ ਵਿਸਮਾਦੀ ਇਕਮਿਕਤਾ ਦੀ ਦਸ਼ਾ ਨੂੰ ਅੰਗਰੇਜ਼ੀ ਵਿਚ ਇਸ ਪ੍ਰਕਾਰ ਦਰਸਾਇਆ ਸੀ :-

In the blessed state of Nam
When the self is lost to us
We cease to think, we do not think.
No thought of sensory pleasure or pain,
Hopes and fears cease to be,
Silence deep, no sense of self,
The self is merged in greater Self.
The little self is lost to View.
And is merged in boundless bilss.
No feeling then of Jamness
Nor of Heaven, nor of earth,
Nor of any thinking thoughts.
Oneness only with the One,
Wedlock of the Soul and God.

ਲੇਖਕ ਬਾਰੇ

ਪੰਜਾਬੀ ਦੇ ਪ੍ਰਸਿੱਧ ਵਿਚਾਰਕ ਤੇ ਲੇਖਕ ਸ: ਰਘਬੀਰ ਸਿੰਘ ਬੀਰ (1896-1974) ਖਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ. ਏ. ਕਰਨ ਤੋਂ ਪਿੱਛੋਂ ਪਹਿਲੀ ਵਾਰ ਅਕਾਲੀ ਲਹਿਰ ਦੇ ਸਮੇਂ ਇਕ ਕ੍ਰਾਂਤੀਕਾਰੀ ਕਵੀ ਦੇ ਰੂਪ ਵਿਚ ਉਜਾਗਰ ਹੋਏ। ਉਨ੍ਹਾਂ ਦੀਆਂ ਕਵਿਤਾਵਾਂ ਦਾ ਸੰਗ੍ਰਹਿ "ਖਾਲਸਈ ਸ਼ਾਨ" (1934) ਹੁਣ ਵੀ ਉੱਨਾਂ ਹੀ ਪ੍ਰਭਾਵਸ਼ਾਲੀ ਤੇ ਜੋਸ਼ੀਲਾ ਹੈ। ਫਲਸਰੂਪ ਸਮੇਂ ਦੀ ਸਰਕਾਰ ਨੇ ਉਨ੍ਹਾਂ ਵਿਰੁਧ ਵਾਰੰਟ ਕੱਢੇ ਤੇ ਉਨ੍ਹਾਂ ਨੂੰ ਕੁਝ ਚਿਰ ਰੂਪੋਸ਼ ਰਹਿਣਾ ਪਿਆ।

ਬਾਅਦ ਵਿਚ ਉਨ੍ਹਾਂ ਦਾ ਝੁਕਾਉ ਸਮਾਜ ਸੇਵਾ ਵਲ ਹੋਇਆ ਤਾਂ ਨੇਤਾ ਜੀ ਸੁਭਾਸ਼ ਦੇ ਮਿੱਤਰ ਸ: ਨਿਰੰਜਨ ਸਿੰਘ ਤਾਲਿਬ ਦੇ ਨਾਲ ਰਲ ਕੇ ਕਲਕੱਤੇ ਤੋਂ ਦੈਨਿਕ ਅਖ਼ਬਾਰ "ਦੇਸ਼ ਦਰਪਣ" ਚਲਾਇਆ, ਜੋ ਅਜ ਪ੍ਰਕਾਸ਼ਨ ਦੇ 50ਵੇਂ ਸਾਲ ਵਿਚੋਂ ਲੰਘ ਰਿਹਾ ਹੈ।

ਪਰ ਉਨ੍ਹਾਂ ਦੀ ਸਭ ਤੋਂ ਅਮੁੱਲ ਦੇਣ ਗੁਰਬਾਣੀ ਦੀ ਵਿਆਖਿਆ ਤੇ ਸਿਮਰਨ ਦੀ ਵਿਧੀ ਹੈ, ਜੋ ਉਨ੍ਹਾਂ ਨੇ "ਬੰਦਗੀ ਨਾਮਾ" (1950) ਵਿਚ ਵਿਸਥਾਰ ਪੂਰਵਕ ਅੰਕਿਤ ਕੀਤੀ ਹੈ। ਸਿਮਰਨ ਦਾ ਦਾਨ ਉਨ੍ਹਾਂ ਨੂੰ ਬਚਪਨ ਵਿਚ ਹੀ ਆਪਣੇ ਪੂਜਯ ਦਾਦੀ ਤੋਂ ਪ੍ਰਾਪਤ ਹੋਇਆ ਸੀ, ਜਿਸ ਦਾ ਅਭਿਆਸ ਅੰਤ ਤੱਕ ਉਹ ਪ੍ਰਤਿ ਦਿਨ ਕਰਦੇ ਤੇ ਕਰਾਂਦੇ ਰਹੇ। **ਵਿਸਮਾਦ ਦਸ਼ਾ** (ਪਹਿਲਾ ਪ੍ਰਕਾਸ਼ਨ 1952) ਉਨ੍ਹਾਂ ਅਨੁਭਵਾਂ ਦੇ ਅਧਿਐਨ ਦਾ ਸਿੱਟਾ ਹੈ। ਪੰਜਾਬੀ ਸਾਹਿਤ ਵਿਚ ਨਿਰੋਲ ਆਤਮਕ ਗਿਆਨ ਤੇ ਗੁਰਬਾਣੀ ਦੇ ਵਿਸ਼ਲੇਸ਼ਣ ਦਾ ਨਮੂਨਾ ਸ਼ਾਇਦ ਹੀ ਕੋਈ ਹੋਰ ਹੋਵੇ।